ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ




# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਮੁੱਲ : 10 ਰੁਪਏ ਫਰਵਰੀ, 1996

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅਕ 2 ਸਾਲ ਸੱਤਵਾਂ ਫਰਵਰੀ 1996



ਤੁਹਾਡ ਪਤਰ : 2

ਕਰਉ ਬੇਨਤੀਆ 3

ਅਰਦਾਸ ਦੀ ਪਰੰਪਰਾ ਤੇ ਵਿਕਾਸ
ਡਾ. ਜਸਵੰਤ ਸਿੰਘ ਨੇਕੀ 4

ਸੰਗੀਤ ਅਤੇ ਛੰਦ
ਆਵਤ ਸਿੰਘ 9

ਪੰਥ ਦੇ ਅਨਮੋਲ ਹੀਰੇ :
ਭਾਈ ਹੀਰਾ ਸਿੰਘ ਜੀ ਦੀ
ਯਾਦ ਵਿਚ ਸਮਾਗਮ 11

ਕੀਰਤਨ—ਸਰਦਾਰਨੀ ਹਰਬੰਸ ਕੌਰ 13

ਰਾਗ ਬਸੰਤ (ਸੁਰਲਿਪੀ)
ਸੁਰਿੰਦਰ ਸਿੰਘ ਧਰਮਕੋਟ 15

ਸਵਰ-ਲਿਪੀ ਰਾਗ ਰਾਮਕਲੀ
ਅਡਵਿੰਦਰਪਾਲ ਸਿੰਘ 16

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 17

ਆਸਾ ਦੀ ਵਾਰ ਦੇ
ਪਾਠ ਕਰਨ ਵਿਚ ਪਰਚਲਤ ਭੁੱਲਾਂ 19

ਜੰਮੂ ਕਸ਼ਮੀਰ ਦੇ ਕੀਰਤਨੀਏ—
ਗਿ: ਈਸ਼ਰ ਸਿੰਘ ਬਖਸ਼
ਜਸਬੀਰ ਸਿੰਘ ਸਰਨਾ 22

ਕੀਰਤਨ ਸਮਾਚਾਰ 23

ਕੀਰਤਨ—ਪ੍ਰੋਗਰਾਮ 24



ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


*


'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ ।



ਸਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡ. ਕਰਨੈਨ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸੂ. ਹਰਿਭਜਨ ਸਿੰਘ ਚੋਪੜਾ (ਬਰ੍ਹਮਾ)

ਪ੍ਰੋ. ਸਤਵਿੰਦਰ ਸਿੰਘ

ਸੂ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਖ



| ਚੰਦੇ ਦਾ ਵੇਰਵਾ : | ਚਿੱਠੀ ਪੱਤਰ ਲਈ ਪਤਾ । |
|---|---|
| ਇਕ ਕਾਪੀ 10/- | ਅੰਮ੍ਰਿਤ ਕੀਰਤਨ ਟ੍ਰਸਟ ਰਜਿ. |
| ਸਲਾਨਾ 100/- | 422, ਸੈਕਟਰ 15-ਏ |
| ਜੀਵਨ ਮੈਂਬਰ 1000/- | ਚੰਡੀਗੜ੍ਹ-160015 |
| ਵਿਦੇਸ਼ ਸਲਾਨਾ 500/- | |
| ਜੀਵਨ ਮੈਂਬਰ 5000/- | ਫੋਨ : 772660 |
| | 45452 |

*

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

# ਤੁਹਾਡੇ ਪੱਤਰ

ਬਹੁਤ ਸਮਾਂ ਪੰਜਾਬ ਤੋਂ ਬਾਹਰ ਰਹਿਣ ਕਰਕੇ ਅਜ ਜਦੋਂ ਇਥੋਂ ਦੀ ਗੁਰਬਾਣੀ ਕੀਰਤਨ ਦੀ ਬਣ ਰਹੀ ਬਲਕਿ ਪੱਕੀ ਹੁੰਦੀ ਜਾ ਰਹੀ ਪਰਿਪਾਟੀ ਨੂੰ ਦੇਖਦੇ ਹਾਂ ਤਾਂ ਬੜਾ ਦੁਖ ਹੁੰਦਾ ਹੈ। ਅਛੇ ਨਾਮਵਰ ਰਾਗੀ ਜਥੇ ਵੀ ਇਕ ਅਧ ਸ਼ਬਦ ਜਰੂਰੀ ਤੌਰ ਤੇ ਫਿਲਮੀ ਜਾਂ ਲੋਕ ਗੀਤਾਂ ਦੀ ਤਰਜ ਤੇ ਲਗਾਣ ਕਰਕੇ ਸਾਰੇ ਕੀਤੇ ਕਰਾਏ ਤੇ ਪਾਣੀ ਫੇਰ ਦੇਂਦੇ ਹਨ। ਇਸ ਵਿਚ ਉਹਨਾਂ ਦੀ ਕੋਈ ਮਜਬੂਰੀ ਹੋ ਸਕਦੀ ਹੈ। ਕੋਈ ਕੋਈ ਰਾਗੀ ਜਥਾ ਪਹਿਲਾ ਸ਼ਬਦ ਰਾਗ ਅਨੁਸਾਰ ਪੇਸ਼ ਕਰਦਾ ਹੈ ਅਤੇ ਬਾਅਦ ਦਾ ਸਾਰਾ ਸਫਰ ਹਲਕੀਆਂ ਫਲਕੀਆਂ ਟਿਯੂਨਾਂ ਆਸਰੇ ਅਗੇ ਵਧਦਾ ਜਾਂਦਾ ਹੈ। ਕਈ ਮਹਾਂਪੁਰਸ਼ ਐਸੇ ਵੀ ਹਨ ਜੋ ਸ਼ਬਦ ਦੇ ਅਸਥਾਈ ਨੂੰ ਲੁਕਵੇਂ ਫਿਲਮੀ ਟਿਯੂਨ ਤੇ ਪੜ੍ਹਕੇ (ਇਸ ਚਾਲਾਕੀ ਨੂੰ ਕੁਝ ਸਰੋਤੇ ਪਛਾਨ ਵੀ ਸਕਦੇ ਹਨ) ਅੰਤਰੇ ਨੂੰ ਕਿਸੇ ਦੂਸਰੇ ਢੰਗ ਨਾਲ ਪੇਸ ਕਰਦੇ ਹਨ। ਪੰਜਾਬ ਦੇ ਇਕ ਉਘੇ ਸ਼ਹਿਰ ਦੇ ਬੜੇ ਆਲੀਸ਼ਾਂਨ ਗੁਰਦਵਾਰੇ ਵਿਚ ਹਜ਼ੂਰੀ ਰਾਗੀ ਸਿਰਫ ਫਿਲਮੀ ਜਾਂ ਲੋਕ ਗੀਤ ਛਡਕੇ ਹੋਰ ਕਿਸੇ ਰਾਗ ਪਰਬੰਧ ਨਾਲ ਕੀਰਤਨ ਕਰਦੇ ਹੀ ਨਹੀਂ। ਗੁਰਦੁਆਰੇ ਦੀ ਬਿਲਡਿੰਗ ਜਦ ਮਾਡਰਨ ਬਣ ਸਕਦੀ ਫਿਰ ਰਾਗੀ ਕਿਉਂ ਨਾ ਮਾਡਰਨ ਕੀਰਤਨ ਕਰਨ।

ਗੁਰਬਾਣੀ ਕੀਰਤਨ ਨੂੰ ਨਿਰੋਲ ਕੀਰਤਨ ਤਕ ਹੀ ਸੀਮਤ ਰਖਣਾ ਸੁਰਤ ਨੂੰ ਸ਼ਬਦ ਨਾਲ ਜੋੜਨ ਦਾ ਇਕ ਵਧੀਆ ਵਸੀਲਾ ਹੋ ਸਕਦਾ ਹੈ। ਗੁਰਬਾਣੀ ਦੇ ਢੁਕਵੇਂ ਅਨਢੁਕਵੇਂ ਪਰਮਾਣ ਘੰਟਿਆਂ ਬਧੀ ਦਿੰਦੇ ਜਾਣਾ ਕੀਰਤਨ ਦਾ ਰਸ ਪੈਦਾ ਨਹੀਂ ਕਰ ਸਕਦੇ ਪ੍ਰਤੀਤ ਹੁੰਦੇ। ਕੀਰਤਨ ਕਰਨਾ ਹੈ ਤਾਂ ਨਿਰੋਲ ਕੀਰਤਨ ਕਰੋ। ਇਕ ਅਧ ਢੁਕਵਾਂ ਪਰਮਾਣ ਅਤੇ ਸ਼ਬਦਾਰਥ ਅਸਰਦਾਇਕ ਹੋ ਸਕਦੇ ਹਨ। ਇਕ ਸ਼ਬਦ ਨੂੰ ਇਕ ਘੰਟੇ ਤੋਂ ਵਧ ਸਮਾਂ ਪਰਮਾਣਾਂ ਨਾਲ ਗਾਇਨ ਕਰਨਾ ਜਿਸ ਕਰਕੇ ਉਹਦੀਆ ਕਈ ਅਸਥਾਈ ਅਤੇ ਕਈ ਅੰਤਰੇ ਬਦਲਦੇ ਚਲੇ ਜਾਣ ਅਤੇ ਪ੍ਰੋਗਰਾਮ ਦ ਅੰਤ ਤੇ ਇਹ ਮੂਲ ਸ਼ਬਦ ਕਿਹੜਾ ਸੀ ਭੁੱਲ ਹੀ ਜਾਈਦਾ ਹੈ।

ਗੁਰਪੁਰਬਾਂ ਤੇ ਗੁਰੂਆਂ ਦੇ ਉਚਾਰੇ ਕੀਰਤਨ ਜਾਂ ਜੀਵਨ ਕਾਲ ਨਾਲ ਸਬੰਧਿਤ ਦੋ ਤਿੰਨ ਸ਼ਬਦ ਹੀ ਬਹੁਤੀ ਵਾਰ ਦੋਹਰਾਏ ਜਾਂਦੇ ਹਨ ਕਿੰਨਾ ਅੱਛਾ ਹੋਵੇ ਜੇ ਐਸੀ ਵਿਵਸਥਾ ਕੀਤੀ ਜਾਵੇ ਜਿਸ ਨਾਲ ਗੁਰੂ ਸਾਹਿਬਾਂ ਦੇ ਉਚਾਰੇ ਹੋਏ ਸ਼ਬਦ ਵਧ ਤੋਂ ਵਧ ਸੰਖਿਆ ਵਿਚ ਗਾਏ ਜਾਇਆ ਕਰਨ। ਪਰਮਾਣਾਂ ਦੁਆਰਾ ਸ਼ਬਦ ਕੀਰਤਨ ਜਾਂ ਨਿਰੋਲ ਕੀਰਤਨ ਲਈ ਵਖਰੇ ਵਖਰੇ ਸਮੇਂ ਨਿਸਚਿਤ ਕੀਤੇ ਜਾਣ।

ਪਕੀ ਰਹਿਸਲ ਕਰਾਕੇ ਵਖ ਵਖ ਉਮਰਾਂ ਦੇ ਬੱਚਿਆਂ ਬਚੀਆਂ ਦੁਆਰਾ ਕੀਰਤਨ ਦਰਬਾਰ ਅਯੋਜਿਤ ਕੀਤੇ ਜਾਇਆ ਕਰਨ। ਇਕ ਸੁਲਝੇ ਵਿਚਾਰਾਂ ਵਾਲੇ ਸਜਣ ਹਰ ਗਾਏ ਜਾਣ ਵਾਲੇ ਸ਼ਬਦ ਦੀ ਪਹਿਲਾਂ ਸਰਲ ਅਤੇ ਪਰਭਾਵਸ਼ਾਲੀ ਵਿਆਖਿਆ ਕਰਨ ਅਤੇ ਫਿਰ ਇਹ ਸਬਦ ਰਾਗਾਂ ਅਨੁਸਾਰ ਗਾਇਆ ਜਾਵੇ। ਅਛੇ ਲਾਹੇਵੰਦ ਇਨਾਮ ਰਖੇ ਜਾਇਆ ਕਰਨ। ਇਸ ਪ੍ਰਕਾਰ ਦੇ ਪ੍ਰੋਗਰਾਮ ਆਯੋਜਿਤ ਕਰਨ ਨਾਲ, ਬੱਚਿਆਂ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸ਼ਬਦ ਬੱਚਿਆਂ ਤੇ ਅਛਾ ਪ੍ਰਭਾਵ ਪਾ ਸਕਦੇ ਹਨ। ਇਕ ਉਤਸ਼ਾਹ ਪੈਦਾ ਕੀਤਾ ਜਾ ਸਕਦਾ ਹੈ। ਇਕ ਮਾਹੌਲ ਬਣ ਸਕਦਾ ਹੈ ਜਿਸ ਨਾਲ ਵਧ ਤੋਂ ਵਧ ਬੱਚੇ ਬੱਚੀਆਂ ਕਲਾਸੀਕਲ ਰਾਗਾਂ ਦੁਆਰਾ ਕੀਰਤਨ ਸਿੱਖਣ ਵਲ ਪਰੇਰੇ ਜਾ ਸਕਦੇ ਹਨ। (ਭੈਣਾਂ ਦੇ ਇਸਤਰੀ ਸਤਸੰਗ ਸਭਾਵਾਂ ਦੁਆਰਾ ਵੀ ਇਸ ਪ੍ਰੋਗਰਾਮ ਦੀ ਸ਼ੁਰੂਆਤ ਹੋ ਸਕਦੀ ਹੈ।

ਕੀ ਐਸਾ ਹੋ ਸਕਦਾ ਹੈ ਜੋ ਕੁਝ ਚੁਣੇ ਹੋਏ ਬਚੇ ਬੱਚੀਆਂ ਦੁਆਰਾ ਤਿਆਰ ਕੀਤਾ ਇਕ ਪ੍ਰੋਗਰਾਮ ਬੱਚਿਆਂ ਦਾ ਕੀਰਤਨ ਦਰਬਾਰ ਪੇਸ਼ ਕੀਤਾ ਜਾਵੇ। ਅਤੇ ਜੇ ਇਹ ਇਹ ਸਫਲ ਹੁੰਦਾ ਹੈ ਤਾਂ ਇਸ ਦੀ ਲੜੀ ਹਰ ਐਤਵਾਰ ਜਾਂ ਛੁਟੀ ਦੇ ਦਿਨ 2 5 ਘੰਟੇ ਲਈ ਜਗ੍ਹਾ ਜਗ੍ਹਾ ਜਾ ਕੇ ਪੇਸ਼ ਕੀਤਾ ਜਾਇਆ ਕਰੇ। ਜੇ ਕੁਝ ਮਾਇਆ ਇਕਠੀ ਹੁੰਦੀ ਹੈ ਤਾਂ ਉਸਦਾ ਪੱਕਾ ਟ੍ਰਸਟ ਬਣਾ ਦਿਤਾ ਜਾਵੇ ਅਤੇ ਇਸ ਲਹਿਰ ਨੂੰ ਹੋਰ ਅਗੇ ਵਧਾਇਆ ਜਾਵੇ। ਲੋੜ ਪੈਣ ਤੇ ਵਿਤ ਅਨੁਸਾਰ ਬਾਹਰੋਂ ਹੋਰ ਮਾਹਿਰ ਉਸਤਾਦਾਂ ਦੀ ਸੇਵਾ ਲਈ ਜਾ ਸਕਦੀ ਹੈ। ਕੁਝ ਜਿਆਦਾ ਮਾਇਆ ਇਕਠੀ ਹੋਣ ਤੇ ਬੱਚਿਆਂ ਲਈ ਲਾਇਬਰੇਰੀ ਅਨਾਥ ਅਤੇ ਲੋੜਵੰਦ ਬੱਚਿਆਂ ਦੀ ਵਖ ਵਖ ਸਕੀਮਾਂ ਦੁਆਰਾ ਮਦਦ ਕੀਤੀ ਜਾ ਸਕਦੀ ਹੈ। ਪਰ ਇਹ ਤਾ ਇਕ ਨਿਗੂਣਾ ਜਿਹਾ ਹਿਸਾ ਹੈ ਇਕ ਵਡੇ ਸੁਪਨੇ ਦਾ।

ਆਉ ਅਗੇ ਵਧੀਏ ਅਤੇ ਅਗੇ ਵਡੀ ਹੋ ਰਹੀ ਪੀੜੀ ਨੂੰ ਬਚਾ ਲਈਏ। ਗੁਰੂ ਪੰਥ ਤੁਹਾਡਾ ਉਤਰ ਮੰਗਦਾ ਹੈ।

ਕੁਲਦੀਪ ਸਿੰਘ

(ਬਾਕੀ ਸਫਾ 8 ਉਤੇ)

ਕੇਰਤੁ ਧੰਨਤੀਆ...

# ਰੁਤ ਫਿਰੀ ਵਣ ਕੰਬਿਆ

ਘਰ ਵਿੱਚ ਟੈਲੀਵੀਜ਼ਨ ਚੱਲ ਰਿਹਾ ਹੈ। ਰਾਤ ਦੇ ਦਸ ਵਜ ਚੁਕੇ ਹਨ। ਪੰਜ ਸਾਲ ਦਾ ਮੇਰਾ ਪੁਤਰ ਉਸ ਅੱਗੋਂ ਉਠਣ ਦਾ ਨਾਂ ਹੀ ਨਹੀਂ ਲੈ ਰਿਹਾ ਟੀ. ਵੀ. ਉਤੇ ਟਾਪ ਟੈਨ, ਮੁਕਾਬਲਾ ਅਤੇ ਫਿਲਮੀ ਗੀਤਾਂ ਦਾ ਪਹਿਲਾ ਦੂਜਾ ਦਰਜਾ ਸਥਾਪਤ ਕਰਨ ਵਾਲੇ ਕਈ ਪ੍ਰੋਗਰਾਮ ਆਉਂਦੇ ਹਨ। ਉਹੀ ਗਾਣੇ ਹਰ ਰੋਜ਼ ਵੱਜਦੇ ਹਨ। ਪਤਾ ਨਹੀਂ ਇਹ ਬੱਚੇ ਇਹਨਾਂ ਨੂੰ ਵਾਰ ਵਾਰ ਸੁਣਕੇ ਅਕਦੇ ਕਿਉਂ ਨਹੀਂ ? ਕੀ ਅਜਿਹੇ ਸੰਗੀਤ ਵਿੱਚ ਵੀ ਸ਼ਕਤੀ ਹੈ। ਪਰ ਇਹ ਨੌਜੁਆਨ ਕੀਰਤਨ ਤੋਂ ਕਿਉਂ ਦੂਰ ਭਜਦੇ ਹਨ। ਅਜ ਕਲ ਧੜਾ ਧੜ ਹੋ ਰਹੇ ਕੀਰਤਨ ਦਰਬਾਰਾਂ ਵਿੱਚ ਇਹਨਾਂ ਦੀ ਹਾਜ਼ਰੀ ਨਾਮ ਮਾਤਰ ਹੀ ਹੁੰਦੀ ਹੈ। ਸ਼ਾਇਦ ਕੀਰਤਨ ਦਰਬਾਰਾਂ ਦਾ ਮੰਤਵ ਚੰਗਾ ਕੀਰਤਨ ਸਰਵਣ ਕਰਵਾਉਣ ਨਾਲੋਂ ਕੁਝ ਹੋਰ ਵਧੇਰੇ ਹੁੰਦਾ ਹੋਵੇ।

ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਮੇਰੇ ਪਿਤਾ ਜੀ, ਜਦੋਂ ਅਸੀਂ ਪਿੰਡ ਰਹਿੰਦੇ ਸਾਂ ਤਾਂ ਉਹਨਾਂ ਦਾ ਨਿਤਨੇਮ ਕੁਝ ਵਖਰਾ ਹੁੰਦਾ ਸੀ। ਸ਼ਾਮ ਨੂੰ ਜਦੋਂ ਸਾਰਿਆਂ ਨੇ ਰੋਟੀ ਖਾ ਲੈਣੀ ਫਿਰ ਉਹਨਾਂ ਮੈਨੂੰ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਕਹਿਣਾ। ਪਾਠ ਉਪਰੰਤ ਸਾਰਿਆਂ ਨੇ ਰਲ ਕੇ ਕੀਰਤਨ ਕਰਨਾ। ਉਦੋਂ ਟੀ. ਵੀ. ਤਾਂ ਹੁੰਦੇ ਹੀ ਨਹੀਂ ਸਨ। ਮੈਂ ਬਹੁਤੀ ਬਾਣੀ ਉਦੋਂ ਹੀ ਯਾਦ ਕੀਤੀ ਸੀ। ਇਹ ਯਾਦ ਕੀਤੀ ਬਾਣੀ ਹੁਣ ਮੈਨੂੰ ਬੜਾ ਸਹਾਰਾ ਦਿੰਦੀ ਹੈ। ਸਮਝ ਨਹੀਂ ਆਉਂਦੀ ਮੈਂ ਆਪਣੇ ਬੱਚਿਆਂ ਨੂੰ ਕਿਵੇਂ ਏਸ ਪਾਸੇ ਲਾਵਾਂ।

ਮੈ ਖੁਦ ਕੀਰਤਨ ਕਰਦਾ ਹਾਂ। ਪਰ ਦੀਵੇ ਥੱਲੇ ਹਨੇਰਾ ਵਾਲੀ ਸਥਿਤੀ ਬਣੀ ਹੋਈ ਹੈ। ਨੌਕਰੀ, ਸਿੱਖਿਆ ਨਾਲ ਸਬੰਧਿਤ ਹੋਣ ਕਰਕੇ ਸਿੱਖਿਆ ਵਾਲੀਆਂ ਵਿਧੀਆਂ ਵੀ ਅਪਣਾ ਕੇ ਵੇਖ ਚੁਕਾ ਹਾਂ। ਜਦੋਂ ਘਰ ਪਾਠ ਜਾਂ ਕੀਰਤਨ ਕਰਦਾ ਹਾਂ ਤਾਂ ਬੱਚੇ ਸ਼ਰਮੋ ਸ਼ਰਮੀ ਕੋਲ ਆ ਕ ਬੈਠ ਤਾਂ ਜਾਂਦੇ ਹਨ। ਪਰ ਉਹਨਾਂ ਦ ਲਹਿਜ ਅਤੇ ਉਹਨਾਂ ਦੀਆਂ ਅੱਖਾਂ ਵਿਚੋਂ ਖਿਝ ਸਾਫ ਝਲਕਾ ਮਾਰਦੀ ਹੈ।

ਜਦੋਂ ਸਿੱਖ ਧਰਮ ਦੀ ਗੱਲ ਕਰਦੇ ਹਾਂ ਤਾਂ ਹਰ ਰੋਜ਼ ਅਖਬਾਰਾ ਵਿਚ ਜੋ ਚਿੱਕੜ ਸਾਡੇ ਸਿੱਖ ਆਗੂ ਇੱਕ ਦੂਜੇ ਉਤੇ ਸੁਟਦੇ, ਉਹ ਸੁਟਦੇ ਤਾਂ ਇੱਕ ਦੂਜੇ ਉਤੇ ਹਨ ਪਰ ਪੈਂਦਾ ਉਹ ਸਾਡੇ ਸਿਰਾਂ ਉਤੇ ਹੈ। ਇਸ ਵੇਲੇ ਸਿੱਖ ਧਰਮ ਦੀ ਗੱਲ ਕਰਨ ਦਾ ਮਤਲਬ ਆਪੋ ਆਪਣੀ ਚੌਧਰ ਸਥਾਪਤ ਕਰਨ ਤਕ ਹੀ ਸੀਮਤ ਰਹਿ ਗਿਆ ਜਾਪਦਾ ਹੈ। ਗੁਰਬਾਣੀ ਅੱਜ ਦੇ ਯੁਗ ਵਿੱਚ ਵੀ ਪ੍ਰਸੰਗਕ ਹੈ। ਪਰ ਇਸ ਵੱਲੋਂ ਗੁਰਬਾਣੀ ਨੂੰ ਜੀਵਨ ਨੂੰ ਸੇਧ ਦੇਣ ਲਈ ਪ੍ਰਯੋਗ ਨਾ ਕਰਕੇ ਆਪਣੇ ਸਵਾਰਥਾ ਲਈ ਵਰਤਿਆ ਜਾ ਰਿਹਾ ਹੈ। ਜਿਵੇਂ ਜੰਗਲ, ਰੁੱਖ, ਹਵਾ ਆਦਿ ਸਾਡੇ ਜੀਵਨ ਦਾਤੇ ਹਨ ਪਰ ਮਨੁੱਖ ਇਹਨਾਂ ਨੂੰ ਆਪਣੇ ਛੋਟੇ ਛੋਟੇ ਸਵਾਰਥਾਂ ਲਈ ਖਤਮ ਕਰ ਰਿਹਾ ਹੈ ਅਤੇ ਵਾਤਾਵਰਨ ਨੂੰ ਦੂਸ਼ਿਤ ਕਰ ਰਿਹਾ ਹੈ।

ਆਓ ਕੋਈ ਉਪਾਅ ਕਰੀਏ ਆਪਣੀ ਆਉਣ ਵਾਲੀ ਪੀੜ੍ਹੀ ਲਈ ਕੋਈ ਹਰਿਆਵਲ ਛਡੀਏ। ਕਿਤੇ ਬੱਚੇ ਇਹ ਇਹ ਹੀ ਨਾ ਸਮਝਣ ਕਿ ਧਰਮ ਦਾ ਕੰਮ ਕੇਵਲ ਲੜਾਉਣਾ ਹੀ ਹੈ। ਹਰ ਰੋਜ਼ ਆਪਣੇ ਮੂੰਹੋਂ ਮੀਆਂ ਮਿੱਠੂ ਤਾਂ ਬਣੀ ਜਾਂਦੇ ਕਿ ਸਾਡਾ ਧਰਮ ਅੱਜ ਵੀ ਬੜਾ ਸਾਰਥਕ ਹੈ। ਪਰ ਇਹ ਸਾਬਤ ਕਰਨਾ ਅਜੇ ਬਾਕੀ ਹੈ। ਸਾਡੇ ਬੱਚੇ ਕਿੰਨੇ ਕੁ ਇਸ ਤੋਂ ਪ੍ਰਭਾਵਿਤ ਹਨ। ਸਾਡੇ ਬੱਚੇ ਕਿੰਨੇ ਕੁ ਜੀਵਨ ਦੀਆਂ ਸਾਰਥਕ ਕਦਰਾਂ ਦੇ ਧਾਰਨੀ ਹਨ। ਬਾਕੀ ਕੌਮਾਂ ਦੇ ਬੱਚਿਆਂ ਨਾਲੋਂ ਕਿੰਨੇ ਵਧੀਆ ਹਨ? ਆਓ ਕੁਝ ਸੋਚੀਏ ਨਹੀਂ ਤਾਂ ਆਪਾਂ ਨੂੰ ਇਥੇ ਰਹਿਣ ਲਈ ਕੋਈ ਥਾਂ ਨਹੀਂ ਲਭਣੀ। ਰੁਤ ਫਿਰ ਚੁਕੀ ਹੈ, ਵਣ ਕੰਬ ਰਿਹਾ, ਜੇ ਦੇਰ ਹੋ ਗਈ ਤਾਂ 'ਕੋਈ ਹਰਿਆ ਬੂਟ' ਵੀ ਨਹੀਂ ਰਹਿਣਾ।

ਤੁਹਾਡੇ ਹੁੰਗਾਰੇ ਦੀ ਉਡੀਕ ਵਿੱਚ

# ਅਰਦਾਸ ਦੀ ਪਰੰਪਰਾ ਤੇ ਵਿਕਾਸ

ਡਾ. ਜਸਵੰਤ ਸਿੰਘ ਨੇਕੀ

ਅਰਦਾਸ ਦਾ ਰਿਵਾਜ ਗੁਰੂ ਨਾਨਕ ਜੀ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਪ੍ਰਤੀਤ ਹੁੰਦਾ ਹੈ। ਇਕ ਵਾਰ ਜਦ ਸਤਿਗੁਰੂ ਜੀ ਤਲਵੰਡੀ ਤੋਂ ਸੁਲਤਾਨਪੁਰ ਜਾਣ ਲਈ ਤਿਆਰ ਹੋਏ ਤਾਂ ਰਾਏ ਬੁਲਾਰ ਨੇ ਉਹਨਾਂ ਨੂੰ ਸੱਦਾ ਘਲ ਆਪਣੇ ਘਰ ਪ੍ਰੀਤੀ ਭੋਜਨ ਤੇ ਬਚਨ ਬਿਲਾਸ ਲਈ ਬੁਲਾਇਆ। ਜਦ ਗੁਰੂ ਜੀ ਵਿਦਾ ਹੋਣ ਲਗੇ ਤਾਂ ਰਾਏ ਬੁਲਾਰ ਨੇ ਪੁਛਿਆ, "ਸ੍ਰੀ ਨਾਨਕ ਜੀ, ਤੁਸੀਂ ਸੁਲਤਾਨਪੁਰ ਜਾ ਰਹੇ ਹੋ, ਪਤਾ ਨਹੀਂ ਮੁੜ ਕਦੋਂ ਦਰਸ਼ਨ ਹੋਣ, ਇਸ ਲਈ ਕੋਈ ਉਪਦੇਸ਼ ਕਰ ਜਾਓ।" ਬਾਬਾ ਜੀ ਨੇ ਉਸ ਦਾ ਪ੍ਰੇਮ ਵੇਖ ਕੇ ਉਤਰ ਦਿਤਾ, "ਰਾਏ ਜੀ ਸਾਡੀ ਸਿਖਿਆ ਇਹੀ ਹੈ ਕਿ ਜਦ ਤੁਹਾਡਾ ਬਲ ਕੰਮ ਨਾ ਕਰੇ ਤਾਂ ਦੋਵੇਂ ਹਥ ਜੋੜ ਕੇ ਨਿਰੰਕਾਰ ਦੀ ਸਰਨੀ ਪੈ ਜਾਣਾ ਤੇ ਅਰਦਾਸ ਕਰਨੀ।" ਜਨਮ ਸਾਖੀਆਂ ਵਿਚ ਬੇਬੇ ਨਾਨਕੀ ਜੀ, ਰਾਏ ਬੁਲਾਰ, ਤੇ ਹੋਰ ਕਈ ਸਿਖ ਗੁਰੂ ਬਾਬੇ ਅਗੇ ਅਰਦਾਸ ਕਰਦੇ ਮਿਲਦੇ ਹਨ ਤੇ ਬਾਬਾ ਉਹਨਾਂ ਦੀਆਂ ਅਰਦਾਸਾਂ ਸੁਣਦਾ ਹੈ ਇਕ ਸਾਖੀ ਵਿਚ ਆਉਂਦਾ ਹੈ :

"ਤਬ ਅਰਦਾਸੀਏ ਸਿਖ ਗੁਰੂ ਜੀ ਕੇ ਸਨਮੁਖ ਹਾਥਿ ਜੋੜ ਕਰ ਐਸੀਆ ਅਰਦਾਸਾਂ ਕਰਹਿ ਜੋ ਸਚੇ ਪਾਤਸਾਹ ਸਿਖ ਬਸਤ੍ਰ ਸ਼ਸਤ੍ਰ ਲਿਆਏ ਹਹਿ। ਸਿਖਾਂ ਉਪਰ ਝਾਕੀ ਹੋਇ। ਸਿਖਾਂ ਦੇ ਕਾਰਜ ਸੰਪੂਰਨ ਕਰਨੇ। ਸਿਖਾਂ ਕੋ ਗੁਰੂ ਚਿਤ ਆਵੈ।"

ਇਸ ਸਾਖੀ ਤੋਂ ਪ੍ਰਗਟ ਹੁੰਦਾ ਹੈ ਕਿ ਸੰਗਤੀ ਅਰਦਾਸ ਦੀ ਪ੍ਰਥਾ ਵੀ ਗੁਰੂ ਨਾਨਕ ਸਾਹਿਬ ਵੇਲੇ ਤੋਂ ਹੀ ਚਲ ਪਈ ਸੀ। ਅਰਦਾਸੀਏ ਸਿਖ ਹੱਥ ਜੋੜ ਕੇ ਅਰਦਾਸ ਕਰਦੇ ਸਨ ਤੇ ਅਰਦਾਸ ਦੇ ਨਾਲ ਸਿਖ ਭੇਟਾਵਾਂ ਪੇਸ਼ ਕਰਦੇ ਸਨ। ਆਪਣੇ ਕਾਰਜਾਂ ਦੀ ਸਿਧੀ ਦੇ ਨਾਲ ਨਾਲ "ਗੁਰੂ ਚਿਤ ਆਵਣ" ਦੀ ਯਾਚਨਾ ਵੀ ਅਵੱਸ਼ ਕਰਦੇ ਸਨ।

ਅਰਦਾਸ ਦੀ ਇਹ ਪ੍ਰਥਾ ਅਗੋਂ ਵਿਗਸਦੀ ਤੁਰੀ ਗਈ।

ਗੁਰੂ ਅੰਗਦ ਸਾਹਿਬ ਜੀ ਦੇ ਇਕ ਸਿਖ ਗੋਬਿੰਦ ਨੇ ਸੰਕਲਪ ਕੀਤਾ ਕਿ ਉਹ ਗੁਰੂ ਜੀ ਦੇ ਨਾਮ ਤੇ ਇਕ ਪਿੰਡ ਵਸਾਏਗਾ। ਜਦ ਇਆਰੇ ਖਟੇ ਗਏ, ਤੇ ਉਸਾਰੀ ਸ਼ੁਰੂ ਹੋਈ ਤਾਂ ਦੋਖੀ ਲੋਕ, ਜੋ ਕਝ ਦਿਨੇ ਉਸਰੇ, ਰਾਤੀ ਢਾਹ ਜਾਇਆ ਕਰਨ। ਗੋਬਿੰਦ ਨੇ ਗੁਰੂ ਜੀ ਅਗੇ ਪੁਕਾਰ ਕੀਤੀ। ਗੁਰੂ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਆਗਿਆ ਕੀਤੀ ਕਿ ਉਹ ਨਗਰ ਦੇ ਵਸਣ ਵਿਚ ਜੋ ਵੀ ਅਉਕੜਾਂ ਹਨ, ਉਹਨਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਨ। ਸ੍ਰੀ ਅਰਮਦਾਸ ਜੀ ਨੇ ਦੋਖੀਆਂ ਪ੍ਰਤੀ ਇਕ ਵੀ ਕੌੜਾ ਬਚਨ ਨਾ ਬੋਲਿਆ, ਸਗੋਂ ਅਰਦਾਸ ਕੀਤੀ ਕਿ "ਹੇ ਦਾਤਾਰ, ਇਹਨਾਂ ਦੇ ਦਿਲਾਂ ਵਿਚੋਂ ਨਫ਼ਰਤ ਤੇ ਵੈਰ ਦੂਰ ਕਰ ਕੇ ਸਦਭਾਵਨਾ ਵਰ-ਤਾਓ।" ਇਉਂ ਅਰਦਾਸ ਸਦਭਾਵਨਾ ਤੇ ਸਾਂਝੀਵਾਲਤਾ ਦਾ ਮਾਧਿਅਮ ਬਣਨ ਲਗੀ।

ਗੁਰੂ ਰਾਮਦਾਸ ਜੀ ਨੇ ਸਿਮਰਨ, ਕੀਰਤਨ ਤੇ ਅਰ-ਦਾਸ ਨੂੰ 'ਅਧਿਆਤਮ-ਕਰਮ ਤ੍ਰਿਬੇਣੀ' ਆਖਿਆ ਤੇ ਆਤਮਕ ਉਨਤੀ ਲਈ ਅਰਦਾਸ ਉਪਰ ਨਿਰਭਰ ਰਖਣ ਤੇ ਬਲ ਦਿਤਾ।

ਗੁਰੂ ਅਰਜਨ ਦੇਵ ਜੀ ਨੇ ਜਦੋਂ 'ਪੋਥੀ ਸਾਹਿਬ' ਦਾ ਪ੍ਰਕਾਸ਼ ਸ੍ਰੀ ਹਰਮਿੰਦਰ ਸਾਹਿਬ ਵਿਖੇ ਕੀਤਾ ਤਾਂ ਉਦੋਂ ਉਨ੍ਹਾਂ ਆਪਣਾ ਗੁਰਗਦੀ ਦਾ ਵਖਰਾ ਆਸਣ ਲਾਉਣਾ ਛਡ ਦਿਤਾ ਤੇ ਆਪ ਸ੍ਰੀ ਗੁਰੂ ਗਰੰਥ ਸਾਹਿਬ (ਉਦੋਂ ਪੋਥੀ ਸਾਹਿਬ( ਅਗੇ ਅਰਦਾਸ ਕਰਿਆ ਕਰਦੇ ਸਨ। ਇਸ ਤੋਂ ਗੁਰੂ ਗਰੰਥ ਸਾਹਿਬ ਅਗੇ ਅਰਦਾਸ ਕਰਨ ਦੀ ਪ੍ਰਥਾ ਤੁਰੀ ਤੇ ਸ਼ਬਦ ਗੁਰੂ ਦੀ ਅਟੱਲਤਾ ਦਾ ਸੰਕਲਪ ਪ੍ਰਪੱਕ ਹੋਇਆ।

ਗੁਰੂ ਅਰਜਨ ਦੇਵ ਜੀ ਦੀ ਜ਼ਿੰਦਗੀ ਤਾਂ ਸ਼ੁਕਰਾਨੇ ਦੀ ਅਰਦਾਸ ਨਾਲ ਭਰਪੂਰ ਜਾਪਦੀ ਹੈ। ਇਉਂ ਜਾਪਦਾ ਹੈ ਕਦਮ ਕਦਮ ਤੇ ਆਪ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਜੁੜਦੇ ਤੇ ਅਰਦਾਸ ਕਰਦੇ। ਔਕੜ ਆਵੇ ਤਾਂ ਗੈਬੀ ਸਹਾਇਤਾ ਲਈ ਅਰਦਾਸ ਕਰਦੇ। ਔਕੜ ਟਲ ਜਾਵੇ ਤਾਂ ਸ਼ੁਕਰਾਨੇ ਦੀ ਅਰਦਾਸ ਕਰਦੇ। ਅਨੇਕਾਂ ਮਿਸਾਲਾਂ ਸ਼ੁਕਰਾਨੇ ਦੀ ਅਰਦਾਸ ਦੀਆਂ ਉਹਨਾਂ ਦੀ ਬਾਣੀ ਵਿਚ ਲਭਦੀਆਂ ਹਨ। ਸਾਹਿਬਜ਼ਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜਨਮ-ਆਗਮਨ ਤੇ, ਗੁਰੂ ਦੋਖੀ ਸਾਜ਼ਸ਼ੀ ਪ੍ਰਿਥੀਏ ਦੀ ਭੁਚਲਾਈ ਹੋਈ ਦਾਈ ਵਲੋਂ ਦਿਤੇ ਗਏ ਜ਼ਹਿਰ ਦੇ ਅਸਰ ਤੋਂ ਸ੍ਰੀ ਹਰਿਗੋਬਿੰਦ ਜੀ ਦੇ ਬਚ ਜਾਣ ਤੇ, ਬ੍ਰਾਹਮਣ ਵਲੋਂ ਜ਼ਹਿਰ

ਦਿਤੇ ਜਾਣ ਤੋਂ ਬਚ ਜਾਣ ਤ, ਸੱਪ ਦੇ ਡੰਗ ਤੋਂ ਬਚ ਜਾਣ ਤੇ, ਚੇਚਕ (ਸੀਤਲਾ) ਤੋਂ ਬਚ ਜਾਣ ਤ, ਤਾਪ ਦੇ ਤਰ ਜਾਣ ਤੇ, ਵਡਾਲੀ ਤੋਂ ਸੁਖ ਨਾਲ ਵਾਪਸ ਅਉਣ ਤ, ਹਰਿਮੰਦਰ ਸਹਿਬ ਦੀ ਸਿਰਜਨਾ ਮੁਕੰਮਲ ਹੋਣ ਤੇ, ਇਤਿਆਦਿ ਅਨੇਕਾਂ ਐਸੀਆਂ ਮਿਸਾਲਾਂ ਹਨ।

ਪੰਚਮ ਪਾਤਸ਼ਾਹ ਵੇਲੇ ਹੀ ਗੁਰਦੁਆਰੇ ਵੀ ਹੋਂਦ ਵਿਚ ਆਉਣ ਲਗ ਪਏ ਸਨ ਤੇ ਪੋਥੀ ਸਾਹਿਬ ਇਹਨਾਂ ਵਿਚ ਟਿਕਾ ਦਿਤੇ ਗਏ ਸਨ। ਛੇਵੇਂ ਪਾਤਸ਼ਾਹ ਵੇਲੇ ਤੋਂ ਇਹਨਾਂ ਵਿਚ ਅਰਦਾਸ ਨੇਮ ਨਾਲ ਹੋਣੀ ਆਰੰਭ ਹੋ ਗਈ, ਭਾਵੇਂ ਉਸ ਅਰਦਾਸ ਦਾ ਰੂਪ ਅਜੋਕੀ ਪ੍ਰਚਲਿਤ ਅਰਦਾਸ ਤੋਂ ਵਖਰਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸੰਗਤੀ ਅਰਦਾਸ ਤੇ ਬਲ ਦਿਤਾ। ਮੁਹਸਿਨ ਫ਼ਾਨੀ ਲਿਖਦਾ ਹੈ, ਜਦੋਂ ਕਿਸੇ ਸਿਖ ਨੂੰ ਕੋਈ ਲੋੜ ਵਾਪਰਦੀ ਸੀ ਤਾਂ ਉਹ ਸੰਗਤ ਪਾਸੋਂ ਆਪਣੇ ਲਈ ਅਰਦਾਸ ਕਰਾਉਂਦਾ ਸੀ। ਆਪ ਗੁਰੂ ਹਰਿਗੋਬਿੰਦ ਸਾਹਿਬ ਸੰਗਤ ਪਾਸੋਂ ਆਪਣੇ ਲਈ ਅਰਦਾਸ ਕਰਾਉਂਦੇ ਸਨ।

ਗੁਰ ਇਤਿਹਾਸ ਵਿਚ ਅਨੇਕਾਂ ਐਸੀਆਂ ਘਟਨਾਵਾਂ ਮਿਲਦੀਆਂ ਹਨ ਜਦੋਂ ਸਤਿਗੁਰਾਂ ਨੇ ਸਿਖਾਂ ਦੀ ਅਰਦਾਸ ਸੁਣ ਕੇ ਬਾਹੁੜੀ ਕੀਤੀ। ਭਾਈ ਬੁਧੂ ਦਾ ਆਵਾ ਪਕਣ ਦੀ ਸਾਖੀ, ਬਿਧੀ ਚੰਦ ਨੂੰ ਭੱਠੇ ਵਿਚ ਸੇਕ ਨ ਲਗਣ ਦੀ ਵਾਰਤਾ, ਸੁਲੱਖਣੀ ਨੂੰ ਸੱਤ ਪੁਤਰਾਂ ਦੀ ਬਖ਼ਸ਼ਿਸ਼, ਮੱਖਣ ਸ਼ਾਹ ਲੁਬਾਣੇ ਦਾ ਬੇੜਾ ਪਾਰ ਹੋਣ ਦੀ ਵਿਥਿਆ, ਇਤਿ-ਆਦਿ ਇਸ ਦੀਆਂ ਮਿਸਾਲਾਂ ਹਨ।

ਦਸਮ ਪਾਤਸ਼ਾਹ ਵੇਲੇ ਪੰਜ ਪਿਆਰਿਆਂ ਦੀ ਹਾਜ਼ਰੀ ਤੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਹੋਣ ਲਗ ਪਈ ਪ੍ਰਤੀਤ ਹੁੰਦੀ ਹੈ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚ ਚੜ੍ਹਾਈ ਕੀਤੀ ਤਾਂ ਦਸਮ ਪਾਤਸ਼ਾਹ ਨ ਉਸ ਨੂੰ ਹੁਕਮ ਕੀਤਾ, ਜਦੋਂ ਵੀ ਕੋਈ ਭੀੜ ਬਣੇ, ਪੰਜਾਂ ਸਿੰਘਾਂ ਨੂੰ ਨਾਲ ਲੈ ਕੇ ਅਰਦਾਸ ਕਰਨੀ।"

ਹੁਕਮਨਾਮਿਆਂ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਅਰਦਾਸ ਸਮੇਂ ਭੇਟਾ ਦਾ ਜੋ ਵੀ ਸੰਕਲਪ ਸਿਖ ਕਰਦੇ, ਉਹ ਭੇਟਾਵਾਂ ਇਕ ਥਾਂ ਇਕਠੀਆਂ ਹੁੰਦੀਆਂ ਰਹਿੰਦੀਆਂ। ਫਿਰ ਮੇਵੜੇ ਥਾਂ ਥਾਂ ਤੋਂ ਉਗਰਾਹ ਕੇ ਗੁਰੂ ਘਰ ਪੁਚਾ ਦੇਂਦੇ। ਹੁਕਮਨਾਮਾ ਮਾਤਾ ਗੁਜਰੀ ਕਾ ਹੁਕਮ ਪਾਤਸ਼ਾਹੀ 10 ਵਿਚ ਇਸ ਪਿਰਤ ਦੀ ਪ੍ਰੋੜਤਾ ਹੁੰਦੀ ਹੈ :

"ਨਾਇਕ ਜੀ ਤੁਹਾਡੀ ਅਰਦਾਸ ਆਈ ਚਿਰ ਹੋਇਆ ਹੈ ਹੁਣ ਮੇਵੜੇ ਭੇਜੇ ਹਨ ਕਾਰ ਭੇਟ ਸੁਖ ਮੰਨਤ ਬੋਲਿਆ ਚਾਲਿਆ ਸਰਬਤ ਜੀਆਂ ਦਾ ਦੇਣਾ ਜੋ ਅਰਦਾਸ ਲੋਚ ਕੇ ਦੇਹੁਗੇ ਸੋ ਹਜ਼ੂਰਿ ਆਇ ਪਹੁਚੇਗੁ ਸਰਬਤ ਸੰਗਤ ਕਾ ਬਾਧਾ ਹੋਵੇਗਾ।"

ਦਸਿਆ ਜਾਂਦਾ ਹੈ ਕਿ ਅਰਦਾਸ ਦੇ ਮੌਜੂਦਾ ਮਜ਼-ਬੂਨ ਦਾ ਮੁਢ ਭਾਈ ਮਨੀ ਸਿੰਘ ਜੀ ਨੇ ਬੰਨ੍ਹਿਆ। ਪਰ ਇਸ ਦਾ ਲਿਖਤੀ ਸਬੂਤ ਕੋਈ ਸਾਡੇ ਹਥ ਨਹੀਂ ਆਇਆ। ਅਰਦਾਸ ਦੇ ਕੁਝ ਪ੍ਰਾਪਤ ਹੋਏ ਲਿਖਤੀ ਖਰੜਿਆ ਤੋਂ ਜਾਪਦਾ ਹੈ ਕਿ ਅਰਦਾਸ ਦੇ ਮੌਜੂਦਾ ਰੂਪ ਦਾ ਮੁਢ ਦਸਮੇਸ਼ ਕਾਲ ਵਿਚ ਹੀ ਬੱਝਣ ਲਗ ਪਿਆ ਸੀ। ਇਕ ਹੱਥ-ਲਿਖਤ ਖਰੜੇ ਵਿਚ ਅਰਦਾਸ ਦਾ ਰੂਪ ਹੇਠ ਲਿਖੇ ਅਨੁਸਾਰ ਹੈ

"੧ਓ ਵਾਹਿਗੁਰੂ ਜੀ ਕੀ ਫ਼ਤਹ।
ਸ੍ਰੀ ਭਗਉਤੀ ਜੀ ਸਹਾਇ।
ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ 10।
ਪ੍ਰਥਮ ਭਗਉਤੀ ਸਿਮਰ ਕੈ
ਗੁਰ ਨਾਨਕ ਲਈ ਧਿਆਇ।
ਫਿਰ ਅੰਗਦ ਗੁਰ ਤੇ ਅਮਰਦਾਸ
ਰਾਮਦਾਸੈ ਹੋਈ ਸਹਾਇ।
ਅਰਜਨ ਹਰ ਗੋਬਿੰਦ ਨੋ
ਸਿਮਰੋ ਸਿਰੀ ਹਰ ਰਾਇ।
ਸਿਰੀ ਹਰ ਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭ ਦੁਖ ਜਾਇ
ਤੇਗ਼ ਬਹਾਦਰ ਸਿਮਰੀਐ
ਘਰ ਨਾਉ ਨਿਧ ਆਵੈ ਧਾਇ।
ਸਭ ਥਾਈਂ ਹੋਇ ਸਹਾਇ।੧।
ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਸਾਹਿਬ
ਬੋਲੋ ਜੀ ਵਾਹਿਗੁਰੂ।੨।
ਸ੍ਰੀ ਗੁਰੂ ਗਰੰਥ ਸਾਹਿਬ ਜੀ ਕਾ ਧਿਆਨ ਧਰ ਕੇ
ਬੋਲੋ ਜੀ ਵਾਹਿਗੁਰੂ।
ਸ੍ਰੀ ਅੰਮ੍ਰਿਤਸਰ ਜੀ ਸਾਹਿਬ, ਸ੍ਰੀ ਤਰਨਤਾਰਨ ਸਰਬ
ਦੁਖਾਂ ਕੇ ਨਿਵਾਰਨ ਸਾਹਿਬ ਜੀ ਕਾ ਧਿਆਨ ਧਰਕੇ ਬੋਲੋ
ਜੀ ਵਾਹਿਗੁਰੂ। ਸਤਿਗੁਰਜੀਕੇ ਸਰਬਤ ਗੁਰਦੁਆਰਿਆਂ
ਜੀ ਕਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।
ਸਬਦ ਚੌਕੀ ਸੋਦਰ ਰਹਿਰਾਸ ਜੀ ਕੀ ਅਰਦਾਸਿ।
ਸਰਬ ਕੇ ਕਾਰਜ ਰਾਸ।

ਸਿੰਘ ਪੜ੍ਹਦੇ ਸੁਣਦੇ ਲਾਹੇਵੰਦ ਹੋਣ। ਸੁਖ ਹੋਵੈ ਨਾਮ ਚਿਤ ਆਵੈ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।

ਇਕਥੇ ਹੋਰ ਪਾਠ ਇਉਂ ਹੈ :

"ਜੀ ਸਚੇ ਪਾਤਸ਼ਾਹ ਸ਼ਬਦ ਚੌਕੀ ਕੀਰਤਨ ਸੋਹਿਲੇ ਜੀ ਕੀ ਅਰਦਾਸ ਭੁਲ ਚੁਕ ਮਾਫ਼ ਹਜ਼ੂਰ ਦੇ ਚਰਨ ਕਵਲਾਂ ਪਾਸਿ ਪੜ੍ਹਦਿਆਂ ਸੁਣਦਿਆਂ ਸਰਬਤ ਦੇ ਕਾਰਜ ਰਾਸ ਚਾਰ ਪਹਰ ਦਿਨ ਸੁਖ ਦਾ ਬੀਤਿਆ ਹੈ ਰਾਤ੍ਰ ਸੁਖ ਦੀ ਬਿਤਾਉਣੀ ਸਰਬ ਪ੍ਰਕਾਰ ਸਹਾਇਤਾ ਕਰਨੀ ਸੁਖ ਹੋਵੈ ਨਾਮ ਚਿਤ ਆਵੈ। ਸ੍ਰੀ ਵਾਹਿਗੁਰੂ ਜੀ ਤੇਰੀ ਸਰਣ। ਦਿਨ ਰਾਖੈ ਰਾਤ ਰਾਖੈ ਚੰਦ ਸੂਰ। ਧਰਤੀ ਮਾਤਾ ਸਦਾ ਰਾਖੈ ਕਾਲ ਕੰਟਕ ਦੂਰ। ਲੋਟ ਪੋਟ। ਗੁਰੂ ਨਾਨਕ ਸਾਹਿਬ ਜੀ ਤੇਰੀ ਓਟ। ਤਾਂਬੇ ਕਾ ਕੋਟ ਲੋਹੇ ਕਾ ਦਰਵਾਜ਼ਾ। ਜਲਾ ਬਿੰਬ ਕੀ ਖਾਈ। ਸ਼ਬਦ ਗੁਰੂ ਜੀ ਕੀ ਰਛਿਆ ਚੌਕੀ ਸ੍ਰੀ ਗੁਰੂ ਬਾਬੇ ਨਾਨਕ ਸਾਹਿਬ ਦੀ ਦੁਹਾਈ।"

ਅਰਦਾਸ ਦਾ ਇਕ ਭਾਗ ਪੰਥ ਦੇ ਸਿਦਕਵਾਨ ਸ਼ਹੀਦਾਂ ਨੇ ਆਪਣੇ ਪਵਿੱਤਰ ਲਹੂ ਨਾਲ ਲਿਖਿਆ। ਜਿਉਂ ਜਿਉਂ ਉਹਨਾਂ ਦੇ ਬੰਦ ਬੰਦ ਕਟੇ ਗਏ, ਉਹਨਾਂ ਨੂੰ ਚਰਖੜੀਆਂ ਤੇ ਚਾੜ੍ਹਿਆ ਗਿਆ, ਉਹਨਾਂ ਦੀਆਂ ਖੋਪਰੀਆਂ ਉਤਾਰੀਆਂ ਗਈਆਂ, ਉਹਨਾਂ ਨੂੰ ਆਰਿਆਂ ਨਾਲ ਚੀਰਿਆ ਗਿਆ ਤੇ ਉਹ ਸਿੱਖੀ ਸਿਦਕ ਤੇ ਸਾਬਤ ਰਹਿ ਕੇ ਜਾਨਾਂ ਦਿੰਦੇ ਗਏ, ਤਿਉਂ ਤਿਉਂ ਇਕ ਇਕ ਸਜਰਾ ਵਾਕੰਸ਼ ਉਹਨਾਂ ਦੀ ਸਿਮਰਿਤੀ ਨੂੰ ਅਰਦਾਸ ਵਿਚ ਪਰੋਂਦਾ ਗਿਆ।

ਸਾਂਝੀ ਅਪਦਾ ਵਿਚੋਂ ਸਾਂਝੀ ਸਹਾਨੁਭੂਤੀ ਠਾਠਾਂ ਮਾਰਨ ਲਗੀ। ਜਦ ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਹੋ ਰਿਹਾ ਸੀ, ਤਦ ਸਮੁੱਚੇ ਖਾਲਸਾ ਜੀ ਦਾ ਦਿਲ ਆਪਣੇ ਹਰ ਪ੍ਰਾਣੀ ਲਈ ਤੜਪਦਾ ਸੀ। ਸੰਝ ਸਵੇਰੇ ਹਰਥੇ ਜੁੜਦੀਆਂ ਸੰਗਤਾਂ ਵਲੋਂ 'ਰਛਿਆ ਰਿਆਇਤ' ਦੀ ਜੋਦੜੀ ਸਰਬਤ ਖਾਲਸਾ ਜੀ ਨੂੰ ਆਸ ਤੇ ਥਰਵਾਸ ਦਾ ਪੈਗਾਮ ਪੁਚਾਣ ਲਗੀ। ਭਾਵੇਂ ਉਹ ਕਾਹਨੂੰਵਾਨ ਦੇ ਜੰਗਲਾਂ ਵਿਚ ਸਨ, ਭਾਵੇਂ ਸਿਵਾਲਕ ਦੀਆਂ ਪਹਾੜੀਆਂ ਵਿਚ, ਤੇ ਭਾਵੇਂ ਬੀਕਾਨੇਰ ਦੇ ਮਾਰੂਥਲਾਂ ਵਿਚ, ਅਰਦਾਸ ਉਹਨਾਂ ਨੂੰ ਚੜ੍ਹਦੀ ਕਲਾ ਦਾ ਹੁਲਾਰਾ ਦੇਣ ਲਗੀ।

ਅਰਦਾਸ ਸਿੱਖਾਂ ਲਈ ਪ੍ਰੇਰਨਾ-ਸ੍ਰੋਤ ਵੀ ਬਣ ਗਈ ਤੇ ਪ੍ਰਣ ਵੀ। ਅਨੇਕਾਂ ਇਤਿਹਾਸਕ ਸਾਕੇ ਗਵਾਹੀ ਦਿੰਦੇ ਹਨ ਕਿ ਸਿਦਕੀਆਂ ਜਦੋਂ ਅਰਦਾਸ ਕਰ ਲਈ ਤਾਂ ਸਿਦਕ ਤੋਂ ਨਹੀਂ ਡੋਲੇ ਇਰਾਦਾ ਨਹੀਂ ਬਦਲਿਆ, ਕੀਤੇ ਹੋਏ ਪ੍ਰਣ ਤੇ ਫੁਲ ਚਾੜ੍ਹੇ। ਇਕ ਵੇਰਾਂ ਜਦੋਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਨੁਸ਼ਹਿਰੇ ਦੀ ਜੰਗ ਲਈ ਚੜ੍ਹਾਈ ਕੀਤੀ ਤਾਂ ਇਮਤਿਹਾਨ ਦੀ ਘੜੀ ਆ ਗਈ। ਸ਼ੇਰੇ ਪੰਜਾਬ ਨੂੰ ਮੁਖ਼ਬਰਾਂ ਆਣ ਕੇ ਖ਼ਬਰ ਦਿਤੀ ਕਿ ਅਗੇ ਪਠਾਣੀ ਫ਼ੌਜ ਦੀ ਗਿਣਤੀ ਤੇ ਤਾਕਤ ਬਹੁਤ ਜ਼ਿਆਦਾ ਹੈ। ਇਸ ਲਈ ਉਹਨਾਂ ਹਮਲਾ ਮੁਲਤਵੀ ਕਰਨ ਦਾ ਖ਼ਿਆਲ ਕੀਤਾ। ਅਗਲੇ ਦਸਤੇ ਦੀ ਕਮਾਨ ਅਕਾਲੀ ਫੂਲਾ ਸਿੰਘ ਜੀ ਕਰ ਰਹੇ ਸਨ। ਸੋ ਉਹਨਾਂ ਅਕਾਲੀ ਜੀ ਨਾਲ ਰਾਏ ਕੀਤੀ ਤੇ ਕਿਹਾ, "ਅਕਾਲੀ ਜੀ, ਅਗੇ ਖਤਰਾ ਬਹੁਤ ਜ਼ਿਆਦਾ ਹੈ, ਦੁਸ਼ਮਨ ਭਾਰੀ ਗਿਣਤੀ ਵਿਚ ਇਕਠਾ ਹੋਇਆ ਹੈ। ਤੁਸੀਂ ਅਗੇ ਨਾ ਵਧੋ!" ਅਕਾਲੀ ਜੀ ਨੇ ਉਤਰ ਦਿਤਾ, "ਮਹਾਰਾਜ! ਅਸੀਂ ਅਰਦਾਸਾ ਸੋਧ ਚੁਕੇ ਹਾਂ, ਹੁਣ ਅਸੀਂ ਕਿਸੇ ਸੂਰਤ ਵੀ ਰੁਕ ਨਹੀਂ ਸਕਦੇ। ਫਤਹ ਤਾਂ ਗੁਰੂ ਨੇ ਬਖ਼ਸ਼ਣੀ ਹੈ।" ਇਹ ਹੈ ਮਿਸਾਲ ਉਸ ਭਰੋਸੇ ਦੀ ਜੋ ਸਿਖ ਧਰਮ ਵਿਚ ਅਰਦਾਸ ਉਪਰ ਕੀਤਾ ਜਾਂਦਾ ਹੈ।

ਅਰਦਾਸਾ ਸੋਧ ਕੇ ਹੀ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਨੇ ਦਮਦਮੇ ਤੋਂ ਆ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਦੂਰ ਕਰਵਾਈ। ਇਸੇ ਅਰਦਾਸ ਤੇ ਭਰੋਸਾ ਧਰ ਕੇ ਸਿਖਾਂ ਲੁਹਾਰੀ ਜਲਾਲਾਬਾਦ ਦੇ ਮੁਸਲਮਾਨ ਹਾਕਮ ਪਾਸੋਂ ਬ੍ਰਾਹਮਣ ਲੜਕੀ ਨੂੰ ਛੁੜਾ ਕੇ ਪੰਥ ਦੀ ਬੇਟੀ ਬਣਾ ਸਤਿਕਾਰਿਆ।

ਅਰਦਾਸ ਤੇ ਭਰੋਸਾ ਕਰਨ ਵਾਲਿਆਂ ਦੀਆਂ ਔਕੜਾਂ ਵੀ ਦੂਰ ਹੁੰਦੀਆਂ ਰਹੀਆਂ। ਇਸ ਦੀਆਂ ਵੀ ਕਈ ਕਥਾਵਾਂ ਪ੍ਰਚਲਤ ਹਨ। ਮਿਸਲਾਂ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਆਹਲੂਵਾਲੀਆ ਮਿਸਲ ਨਾਲ ਕੁਝ ਵਿਗੜ ਗਈ। ਉਹ ਪੰਜਾਬ ਛਡ ਕੇ ਬਾਂਗਰ ਵਲ ਚਲੇ ਗਏ। ਪਰਦੇਸ ਵਿਚ ਉਹਨਾਂ ਉਪਰ ਬੜੀ ਤੰਗੀ ਆਣ ਉਤਰੀ। ਇਸ ਪਰ ਸਰਦਾਰ ਜੀ ਨੇ ਅਰਦਾਸ ਕੀਤੀ। ਖੂਹ ਵਿਚੋਂ ਪਾਣੀ ਕੱਢਣ ਲਗੇ ਤਾਂ ਵਿੱਚੋਂ ਮੋਹਰਾਂ ਨਿਕਲ ਆਈਆਂ, ਤੰਗੀ ਦੂਰ ਹੋ ਗਈ।

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਫ਼ੌਜ ਅਗੇ ਵਧ ਰਹੀ ਸੀ। ਰਸਤੇ ਵਿਚ ਅਟਕ ਦਰਿਆ ਨੂੰ ਪਾਰ ਕਰਨਾ ਸੀ। ਜਦ ਉਥੇ ਪਹੁੰਚੇ ਤਾਂ ਵੇਖਿਆ

ਕਿ ਅਟਕ ਬਹੁਤ ਚੜ੍ਹਿਆ ਹੋਇਆ ਹੈ। ਫ਼ੌਜਾਂ ਦਾ ਪਾਰ ਲੰਘਣਾ ਅਸੰਭਵ ਜਾਪਦਾ ਸੀ। ਮਹਾਰਾਜਾ ਸਾਹਿਬ ਨੇ ਘੋੜ ਤੋਂ ਉਤਰ, ਗਲ ਵਿਚ ਪੱਲਾ ਪਾ, ਅਰਦਾਸ ਕੀਤੀ ਤੇ ਫਿਰ ਕਿਹਾ :

ਜਾ ਕੇ ਮਨ ਮੈ ਅਟਕ ਹੈ,
ਤਾ ਕੋ ਅਟਕ ਰਹੇ।

ਇਸ ਤੋਂ ਬਾਅਦ ਫ਼ੌਜ ਨੂੰ ਘੋੜੇ ਦਰਿਆ ਵਿਚ ਸੁੱਟ ਦੇਣ ਦਾ ਹੁਕਮ ਕਰ ਦਿਤਾ। ਕਹਿੰਦੇ ਹਨ, ਸਾਰੀ ਫ਼ੌਜ ਸਹੀ ਸਲਾਮਤ ਪਾਰ ਲਗ ਗਈ।

ਇਹਨਾਂ ਸਿਦਕਵਾਨਾਂ ਦਾ ਸਿਦਕ ਅੱਜ ਵੀ ਅਰਦਾਸ ਵਿਚ ਜੁੜਨ ਵਾਲੇ ਖ਼ਾਲਸਾ ਜੀ ਦੀ ਪ੍ਰੇਰਨਾ ਹੈ। ਅਰਦਾਸ ਵਿਚ ਦੁਹਰਾਈਆਂ ਜਾਂਦੀਆਂ ਸ਼ਹੀਦਾਂ ਦੀਆਂ ਪਾਵਨ ਯਾਦਾਂ ਸਿਖਾਂ ਨੂੰ ਆਤਮ-ਬਲੀਦਾਨ ਲਈ ਤਿਆਰ ਕਰਦੀਆਂ ਹਨ। ਇਸੇ ਸਦੀ ਦੇ ਤੀਸਰੇ ਦਹਾਕੇ ਵਿਚ ਹਜ਼ਾਰਾਂ ਸਿੰਘਾਂ ਨੇ ਗੁਰਦੁਆਰਿਆਂ ਦੀ ਪਵਿਤ੍ਰਤਾ ਬਹਾਲ ਕਰਨ ਹਿਤ, ਗੁਰਦੁਆਰਾ ਸੁਧਾਰ ਲਹਿਰ ਵੇਲੇ ਆਪਣੀਆਂ ਜਿੰਦਾਂ ਹੂਲ ਦਿਤੀਆਂ। ਗੁਰੂ ਪੰਥ ਨੇ ਇਹਨਾਂ ਦੀਆਂ ਯਾਦਾਂ ਵੀ ਅਰਦਾਸ ਵਿਚ ਸੰਭਾਲ ਲਈਆਂ।

ਦੇਸ ਦੀ ਵੰਡ ਮਗਰੋਂ ਕੌਮ ਨੂੰ ਪਛਮੀ ਪੰਜਾਬ ਛੋੜ ਕੇ ਆਉਣਾ ਪਿਆ। ਤਦ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਹਰਾ ਸਾਹਿਬ ਤੇ ਹੋਰ ਅਨੇਕਾਂ ਗੁਰਦੁਆਰੇ ਪੰਥ ਪਾਸੋਂ ਵਿਛੜ ਗਏ। ਇਸ ਵਿਛੋੜੇ ਦਾ ਦਰਦ ਅਰਦਾਸ ਵਿਚ ਇਕ ਨਵੀਂ ਪੰਕਤੀ ਜੋੜੇ ਜਾਣ ਦਾ ਕਾਰਨ ਬਣਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਇਕ ਵਿਸ਼ੇਸ਼ ਹੁਕਮਨਾਮੇ ਦੁਆਰਾ ਇਸ ਵਾਕ ਨੂੰ ਅਰਦਾਸ ਵਿਚ ਸ਼ਾਮਲ ਕੀਤੇ ਜਾਣ ਦਾ ਆਦੇਸ਼ ਦਿਤਾ ਗਿਆ :

"ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ, ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ!

ਇਉਂ ਅਰਦਾਸ ਇਕ ਪਰੰਪਰਾ ਨੂੰ ਸੰਭਾਲਦੀ ਦਿਨੋ ਦਿਨ ਵਿਗਾਸ ਕਰਦੀ ਆਈ ਹੈ; ਕਰਦੀ ਰਹੇਗੀ।

ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ
ਪੁਸਤਕ 'ਅਰਦਾਸ' ਵਿਚੋਂ ਧੰਨਵਾਦ ਸਹਿਤ

(ਸਫਾ 2 ਦੀ ਬਾਕੀ

ਇਸ ਮਾਸਿਕ ਪੱਤਰ ਵਿੱਚ ਗੁਰਮਤਿ ਸੰਗੀਤ ਅਤੇ ਗੁਰਬਾਣੀ ਸਬੰਧੀ ਲੇਖ ਛਪਦੇ ਹਨ ਜੋ ਬਹੁਤ ਹੀ ਲਾਹੇਵੰਦ ਉਪਰਾਲਾ ਹੈ। ਸ਼ਾਇਦ ਇਹ ਇਕੋ ਇਕ ਮਾਸਿਕ ਪੱਤਰ ਹੈ ਜੋ ਗੁਰਬਾਣੀ ਅਤੇ ਗੁਰਮਤਿ ਸੰਗੀਤ ਸਬੰਧੀ ਜਾਣਕਾਰੀ ਦੇਂਦਾ ਹੈ।

ਸਭ ਤੋਂ ਵੱਧ ਖੁਸ਼ੀ ਦੀ ਗੱਲ ਹੈ ਕਿ ਆਪ ਜੀ ਵਲੋਂ ਮਾਸਿਕ ਪੱਤਰ ਦਾ ਸਾਈਜ (ਆਕਾਰ) ਵੱਡਾ ਕੀਤਾ ਹੈ। ਇਸ ਸਲਾਘਾਯੋਗ ਕੰਮ ਲਈ ਜਿਥੇ ਲਖਾਂ 'ਚ ਵਾਧਾ ਹੋਇਆ ਹੈ ਉਥੇ ਇਸ ਦੇ ਅਕਾਰ ਦੇ ਵਾਧੇ ਨਾਲ ਸੁੰਦਰਾਤਮਕ ਪੱਖੋਂ ਵੀ ਇਸ ਮਾਸਿਕ ਪੱਤਰ ਦੀ ਸੁੰਦਰਤਾ ਵਧੀ ਹੈ।

ਕਰਉ ਬੇਨੰਤੀਆ........ਦੇ ਸਿਰਲੇਖ ਹੇਠ ਛਪਿਆ "ਕੀਰਤਨ ਸੰਕਟ 'ਚ ਹੈ" ਲੇਖ ਬਹੁਤ ਹੀ ਪਸੰਦ ਆਇਆ ਮੱਧਕਾਲ ਤੋਂ ਚਲੀ ਆ ਰਹੀ ਕੀਰਤਨ ਦੀ ਪਰੰਪਰਾ ਨੂੰ ਅੱਜ ਦੇ ਰਾਗੀ ਆਪਣੀ ਝੂਠੀ ਸ਼ੋਹਰਤ ਤੇ ਪੈਸੇ ਦੇ ਲਾਲਚ ਲਈ ਫਿਲਮੀ ਤਰਜਾਂ ਜਾਂ ਲੋਕ ਸੰਗੀਤ ਦੀਆਂ ਧੁਨਾਂ ਨੂੰ ਤੋੜ-ਮਰੋੜ ਕੇ ਆਪਣੇ ਹਿਸਾਬ ਨਾਲ ਕੀਰਤਨ ਕਰਦੇ ਹਨ ਜਿਸ ਵਿੱਚ ਸੰਗਤਾਂ ਦੇ ਕੰਨਾਂ 'ਚ ਸ਼ਬਦ ਨਹੀਂ ਫਿਲਮੀ ਤਰਜ਼ ਜਾਂ ਲੋਕ ਸੰਗੀਤ ਦੀ ਤਰਜ਼ ਹੀ ਗੂੰਜਦੀ ਹੈ। ਕੁਝ ਆਧੁਨਿਕ ਰਾਗੀਆਂ ਵਲੋਂ ਕੀਤੇ ਜਾਂਦੇ ਇਹੋ ਜਿਹੇ ਕੀਰਤਨ ਲਈ ਮੇਰੇ ਖਿਆਲ 'ਚ ਸਿੱਖ ਸੰਗਤਾਂ ਵੀ ਕਸੂਰਵਾਰ ਹਨ ਜੋ ਅਜਿਹੇ ਰਾਗੀਆਂ ਦੀ ਝੂਠੀ ਪ੍ਰਸੰਸਾ ਕਰਕੇ ਇਹੋ ਜਿਹਾ ਕੀਰਤਨ ਕਰਨ ਲਈ ਪ੍ਰੇਰਦੀਆਂ ਹਨ। ਕੀਰਤਨ-ਦਰਬਾਰਾਂ ਜਾਂ—ਵਿਸ਼ੇਸ਼ ਕੀਰਤਨ ਪ੍ਰੋਗਰਾਮਾਂ ਵਿੱਚ ਸਿੱਖ ਸੰਗਤਾਂ ਵਲੋਂ ਬਿਨਾਂ-ਸੰਕੋਚ ਕਹਿ ਦੇਣਾ ਚਾਹੀਦਾ ਹੈ ਕਿ ਭਾਈ ਸਾਹਿਬ ਜੀ, ਗੁਰਬਾਣੀ ਦਾ ਗਾਇਣ ਰਾਗਾਂ/ਨਿਰਧਾਰਤ ਰਾਗਾਂ ਵਿੱਚ ਹੀ ਕੀਤਾ ਜਾਵੇ ਜਿਸ ਨਾਲ ਸੰਗਤ ਅਤੇ ਰਾਗੀ ਸਾਹਿਬਾਨ ਦੋਨੋਂ ਹੀ ਗੁਰੂ ਸ਼ਬਦ ਰਾਹੀਂ ਇਕਾਗਰ ਚਿੱਤ ਹੋ ਕੇ ਪਰਮ ਅਨੰਦ ਦਾ ਸੁਆਦ ਮਾਣ ਸਕਣ। ਸਿੱਖ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਹੀ ਗੁਰਮਤਿ ਸੰਗੀਤ ਦੀ ਸਹੀ ਪਰੰਪਰਾ 'ਚ ਪ੍ਰਚਾਰ ਤੇ ਪ੍ਰਸਾਰ ਹੋ ਸਕਦਾ ਹੈ।

ਹਰਭਜਨ ਸਿੰਘ ਧਾਲੀਵਾਲ
(ਤਬਲਾਵਾਦਕ)

'ਅੰਮ੍ਰਿਤ ਕੀਰਤਨ' ਪੜ੍ਹ ਕੇ ਬਹੁਤ ਕੁਝ ਨਵਾਂ ਲੱਭਾ। ਤੁਸੀਂ ਵਿਸ਼ੇਸ਼ ਵਧਾਈ ਦੇ ਪਾਤਰ ਹੋ, ਜੋ ਅਜਿਹੀ ਨਿਰਛਲ ਸਾਹਿਤ ਤੇ ਸਮਾਜ ਸੇਵਾ ਕਰ ਰਹੇ ਹੋ।

ਡਾ. ਜਗੀਰ ਸਿੰਘ ਨੂਰ, ਫਗਵਾੜਾ

'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ। ਚੰਦਾ ਭੇਜ ਰਹੇ ਹਾਂ। ਪਰਚਾ ਸਮੇਂ ਸਿਰ ਭੇਜਦੇ ਰਹਿਣ ਦੀ ਕਿਰਪਾ ਕਰਨੀ।

ਸ੍ਰ. ਈਸ਼ਰ ਸਿੰਘ ਭੁਪਾਲ

'ਅੰਮ੍ਰਿਤ ਕੀਰਤਨ' ਦਾ ਦਸੰਬਰ ਅੰਕ ਹੁਣ ਵਡੇ ਆਕਾਰ ਵਿੱਚ ਹਰ ਪ੍ਰਭਾਵਸ਼ਾਲੀ ਬਣ ਗਿਆ ਹੈ। ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਹੋਰਾਂ ਬਾਰੇ ਲੇਖ ਵਧੀਆ ਹੈ।

ਮੰਗਤ ਸਿੰਘ ਮਸਤਾਨਾ, ਮਲੋਟ

'ਅੰਮ੍ਰਿਤ ਕੀਰਤਨ' ਦੋ ਸਾਲਾਂ ਤੋਂ ਪੜ੍ਹ ਰਿਹਾ ਹਾਂ। ਇਸਨੇ ਮੇਰੇ ਗਿਆਨ ਵਿਚ ਵਾਧਾ ਕੀਤਾ ਹੈ। ਤੁਸੀਂ ਆਪਣੇ ਦਸੰਬਰ ਦੇ ਸੰਪਾਦਕੀ ਵਿਚ ਠੀਕ ਹੀ ਲਿਖਿਆ ਹੈ ਕੀਰਤਨ ਦਾ ਸਹੀ ਸਰੂਪ ਕਾਇਮ ਰਖਣ ਦੇ ਜਤਨ ਹੋਣੇ ਚਾਹੀਦੇ ਹਨ। ਕੀਰਤਨ ਫਿਲਮੀ ਤਰਜਾਂ ਤੇ ਨਹੀਂ ਹੋਣਾ ਚਾਹੀਦਾ।

ਪ੍ਰੋ. ਅਰਵਿੰਦਰਪਾਲ ਸਿੰਘ, ਮਲੋਟ

ਦਸੰਬਰ ਅੰਕ ਦੇ ਸੰਪਾਦਕੀ ਵਿੱਚ ਆਪ ਨੇ ਕੀਰਤਨ ਦੀ ਪਰੰਪਰਾ ਬਾਰੇ ਗੱਲ ਸ਼ੁਰੂ ਕੀਤੀ ਹੈ। ਇਹ ਸੱਚ ਹੈ ਕਿ ਕੁਝ ਲਾਲਚੀ ਲੋਕ ਕੀਰਤਨ ਨੂੰ ਵੀ ਵਪਾਰ ਬਣਾ ਰਹੇ ਹਨ। ਇਸ ਲੇਖ ਨੂੰ ਤਾਂ ਇਸ਼ਤਿਹਾਰ ਰੂਪ ਵਿੱਚ ਥਾਂ ਥਾਂ ਵੰਡਣਾ ਚਾਹੀਦਾ ਹੈ।

ਭਾਈ ਪ੍ਰੇਮ ਸਿੰਘ
ਹਰਮਿੰਦਰ ਸਿੰਘ ਸਿੱਧੂ, ਅੰਮ੍ਰਿਤਸਰ


**The Sikh Courier**

**88 Mollison Way, Edgwara Middlesex (Greator London) U K.**

**The Sikh Review**

**116 Karnani Mansion**
**25-A, Park Steet, Calcutta 700016**

# ਸੰਗੀਤ ਅਤੇ ਦੰਦ

ਆਵਤ ਸਿੰਘ

ਸੰਗੀਤ ਦਾ ਦੰਦਾਂ ਨਾਲ ਬਹੁਤ ਗਹਿਰਾ ਸੰਬੰਧ ਹੈ। ਅਸੀਂ ਜੋ ਕੁਝ ਵੀ ਬੋਲਦੇ ਹਾਂ ਉਸ ਵਿਚ ਸਭ ਤੋਂ ਪਹਿਲਾਂ ਕੰਠ, ਦੂਸਰਾ ਜੀਭ ਤੀਜਾ ਤਾਲੂ ਅਤੇ ਦੰਦਾਂ ਦੇ ਸੁਮੇਲ ਨਾਲ ਹੀ ਸੁੰਦਰ ਬੋਲਦੇ ਹਾਂ। ਜੇਕਰ ਗਲਾ ਖਰਾਬ ਹੈ ਗਾਇਨ ਤਾਂ ਕੀ ਬੋਲਣ ਵਿਚ ਵੀ ਕਠਿਨਾਈ ਹੁੰਦੀ ਹੈ। ਇਸੇ ਤਰ੍ਹਾਂ ਜੇਕਰ ਆਪ ਦੇ ਦੰਦ ਟੁੱਟੇ ਹੋਏ ਹਨ ਤਾਂ ਸੁਰ ਬੇਸੁਰ ਹੋ ਜਾਂਦੇ ਹਨ। ਗਾਇਨ ਨੀਰਸ ਹੋ ਜਾਂਦਾ ਹੈ। ਦੰਦ ਕੇਵਲ ਚੱਬਣ ਦੇ ਕੰਮ ਹੀ ਨਹੀਂ ਆਉਂਦੇ ਬਲਕਿ ਸਾਡੇ ਮੁਖ ਮੰਡਲ ਨੂੰ ਇਕ ਆਕਾਰ ਵੀ ਦਿੰਦੇ ਹਨ ਜਿਸ ਤਰ੍ਹਾਂ ਹੱਸਣਾ ਤੇ ਗਾਇਨ ਕਰਨਾ। ਜੇਕਰ ਸਾਡੇ ਦੰਦ ਟੇਢੇ-ਮੇਢੇ ਹੋਣ ਤਾਂ ਵਿਅਕਤਿਤਵ ਪ੍ਰਭਾਵਸ਼ਾਲੀ ਨਹੀਂ ਲੱਗਦਾ, ਕਮਜ਼ੋਰ ਲਗਦਾ ਹੈ। ਸਾਡੇ ਗੁਰਦੁਆਰੇ ਦੇ ਗ੍ਰੰਥੀ ਜੀ ਬਹੁਤ ਅੱਛਾ ਕੀਰਤਨ ਕਰਦੇ ਸਨ। ਅਚਾਨਕ ਉਹਨਾਂ ਦੇ ਦੰਦਾਂ ਨੂੰ ਪਾਇਓਰਿਆ ਹੋ ਗਿਆ ਇਥੋਂ ਤਕ ਕਿ ਦੰਦਾਂ ਚੋਂ ਖੂਨ ਅਤੇ ਮੂੰਹ ਚੋਂ ਬਦਬੂ ਆਉਣ ਲਗ ਪਈ, ਜਦੋਂ ਕਿ ਅਸੀਂ ਮੂੰਹ ਪਵਿਤਰ ਕਰਕੇ ਕੀਰਤਨ ਕਰਦੇ ਹਾਂ ਦੂਸਰੀ ਤਰਫ ਮੂੰਹ ਚੋਂ ਦੁਰਗੰਧ ਆਉਣਾ ਬੜਾ ਭੱਦਾ ਜਿਹਾ ਲੱਗਦਾ ਹੈ। ਦਾਸ ਨੇ ਇਹ ਗੱਲ ਗ੍ਰੰਥੀ ਜੀ ਦੇ ਧਿਆਨ ਵਿਚ ਲਿਆਂਦੀ ਤਾਂ ਉਹਨਾਂ ਮਹਿਸੂਸ ਕੀਤਾ ਅਤੇ ਇਲਾਜ ਕਰਵਾਇਆ।

ਆਮ ਤੌਰ ਤੇ ਦੇਖਦੇ ਹਾਂ ਕਿ ਕਵਾਲੀ ਗਾਇਕ ਪਾਨ ਦਾ ਬਹੁਤ ਪ੍ਰਯੋਗ ਕਰਦੇ ਹਨ ਜਿਸ ਤੋਂ ਉਹਨਾਂ ਦੇ ਦੰਦ ਲਾਲ ਕਾਲੇ ਪੈ ਜਾਂਦੇ ਹਨ। ਕਦੇ-ਕਦੇ ਗਾਉਂਦੇ ਸਮੇਂ ਉਹਨਾਂ ਦੇ ਮੂੰਹ ਚੋਂ ਥੁੱਕ ਆ ਜਾਂਦੀ ਹੈ। ਗ਼ਜ਼ਲ ਗਾਇਕ ਦੇ ਮੂੰਹ ਦੇ ਕੋਨੇ ਚੋਂ ਝੱਗ ਆਦਿ ਆਉਣਾ। ਇਹ ਸਭ ਖਰਾਬ ਦੰਦਾਂ ਦੇ ਸੂਚਕ ਹਨ। ਬਹੁਤੇ ਕਲਾਕਾਰ ਇਸ ਵੱਲ ਧਿਆਨ ਨਹੀਂ ਦਿੰਦੇ। ਪਾਨ ਜ਼ਬਾਨ ਦੀ ਗੰਦੀ ਆਦਤ ਪਾ ਲੈਂਦੇ ਹਨ। ਅੱਜ ਦੇਖਣ ਵਿਚ ਵੀ ਆਇਆ ਕਿ ਬਹੁਤ ਸਾਰੇ ਰਾਗੀ ਦੰਦ ਮੰਜਨ ਨਹੀਂ ਕਰਦੇ ਤੇ ਕੁਲਾ ਕਰਕੇ ਹੀ ਕੀਰਤਨ ਤੇ ਬੈਠ ਜਾਂਦੇ ਹਨ ਜੋ ਕਿ ਅਤਿ ਨਿੰਦਣਯੋਗ ਹੈ। ਕਈ ਵਾਰ ਗੁਰਧਾਮ ਤੀਰਥ ਯਾਤਰਾ ਦਾ ਮੌਕਾ ਮਿਲਦਾ ਹੈ ਦੇਖੀਦਾ ਹੈ ਕਿ ਮੁਖ ਗੁਰਦੁਆਰਾ ਸਾਹਿਬ ਦੀ ਪੌੜੀਆਂ ਕੋਲ ਜਾਂ ਜੋੜਾ ਘਰ ਦੇ ਨੇੜੇ ਦਾਤਣ ਪਏ ਹੁੰਦੇ ਹਨ। ਮੁਖ ਤੌਰ ਤੇ ਦਰਬਾਰ ਸਾਹਿਬ, ਸੀਸ ਗੰਜ ਸਾਹਿਬ ਦਿੱਲੀ। ਕਈ ਵਾਰ ਮੈਂ ਵੀ ਦਾਤਣ ਘਰ ਲੈ ਆਇਆ, ਸੋਚਿਆ ਇਹ ਸਭ ਕਿਉਂ ਹੈ, ਕਿਸ ਲਈ ਹੈ ਤੇ ਕੌਣ ਰਖਦਾ ਹੈ। ਰੱਖਣ ਵਾਲੇ ਪ੍ਰੇਮੀ ਸ਼ਰਧਾਲੂ ਸਾਧ ਸੰਗਤ ਹੈ। ਕਿਸ ਲਈ, ਜਿਸ ਵਿਚ ਸੇਵਾਦਾਰ, ਗ੍ਰੰਥੀ, ਰਾਗੀ ਤੇ ਯਾਤਰੂ। ਬੇਸ਼ਕ ਇਸਦਾ ਰਿਵਾਜ ਖਤਮ ਹੁੰਦਾ ਜਾ ਰਿਹਾ ਹੈ। ਪਰ ਫਿਰ ਵੀ ਕਦੇ-ਕਦੇ ਗੁਰਦੁਆਰੇ ਦੇ ਬਾਹਰ ਦਾਤਣ ਰੱਖੇ ਮਿਲਦੇ ਹਨ। ਇਹ ਗੱਲ ਆਮ ਨਹੀਂ ਬਹੁਤ ਕੁਝ ਸੋਚਣ ਲਈ ਮਜਬੂਰ ਕਰਦੀ ਹੈ। ਇਹ ਸਭ ਲਿਖਣ ਦਾ ਮਤਲਬ ਕੁਝ ਹੋਰ ਨਹੀਂ ਸਿਰਫ ਦੰਦਾਂ ਦਾ ਸੰਗੀਤ ਨਾਲ ਕੀ ਸੰਬੰਧ ਹੈ। ਗਾਇਕ ਨੂੰ ਇਸ ਵੱਲ ਧਿਆਨ ਦੇਣਾ ਜ਼ਰੂਰੀ ਹੈ। ਸੁੰਦਰ ਦੰਦਾਂ ਨਾਲ ਹੀ ਗਾਇਕ ਦੀ ਗਾਇਕੀ ਵਿਚ ਚਾਰ ਚੰਦ ਲੱਗ ਜਾਂਦੇ ਹਨ ਸੁਣਨ ਵਾਲੇ ਇਸ ਛੁਪੇ ਹੋਏ ਭੇਦ ਦਾ ਅਨੰਦ ਲੈ ਕੇ ਵਾਹ-ਵਾਹ ਕਰ ਉਠਦੇ ਹਨ।

ਇਸ ਤਰ੍ਹਾਂ ਦੇ ਕਈ ਕਲਾਕਾਰ ਹਨ ਜੋ ਆਪਣੇ ਦੰਦਾਂ ਦੇ ਕਾਰਨ ਉਭਰ ਨਹੀਂ ਸਕੇ ਜਾਂ ਬਹੁਤ ਜਲਦੀ ਆਪਣੇ ਅਸਲੀ ਦੰਦਾਂ ਤੋਂ ਹੱਥ ਧੋ ਬੈਠੇ ਅਤੇ ਨਕਲੀ ਦੰਦਾਂ ਦੇ ਨਾਲ ਛੇਤੀ ਹੀ ਸੰਗੀਤ ਦੀ ਦੁਨੀਆਂ ਤੋਂ ਰਿਟਾਇਰ ਹੋ ਗਏ। ਮੇਰੇ ਇਕ ਮਿੱਤਰ ਜੋ ਬੰਸਰੀ ਵਾਦਕ ਸਨ ਕਿਸੇ ਕਾਰਣ ਉਹਨਾਂ ਨੂੰ ਸਾਰੇ ਦੰਦ ਕਢਵਾਉਣੇ ਪਏ, ਉਮਰ ਕੁਝ ਵੀ ਨਹੀਂ ਸੀ ਸਿਰਫ 35-40 ਸਾਲ। ਨਵੇਂ ਦੰਦ ਲਵਾਏ ਪਰ ਫੂਕ ਨਾਲ ਬਾਂਸਰੀ ਵਿਚ ਉਹ ਗੱਲ ਪੈਦਾ ਨਾ ਕਰ ਸਕੇ ਜੋ ਪਹਿਲਾਂ ਸੀ ਆਖਿਰ ਬੰਸਰੀ ਛੱਡ ਕੇ ਗਿਟਾਰ ਵਜਾਉਣ ਲੱਗ ਪਏ। ਭਾਵ ਦੰਦ ਗਾਇਕ ਦਾ ਮੁਖ ਅੰਗ ਹੈ ਜੋ ਦਿਖਾਈ ਦਿੰਦਾ ਹੈ ਕੰਠ ਗਾਇਨ ਦੇ ਦੌਰਾਨ। ਇਸ ਲਈ ਸੰਗੀਤ ਅਤੇ ਦੰਦ ਇਕ ਦੂਜੇ ਨਾਲ ਜੁੜੇ ਹੋਏ ਹਨ।

ਦੰਦ ਸੁੰਦਰ ਤੇ ਮਜ਼ਬੂਤ ਬਣੇ ਰਹਿਣ, ਕੁਝ ਜ਼ਰੂਰੀ ਗੱਲਾਂ ਵੱਲ ਧਿਆਨ ਦੇਣਾ ਦ੍ਰਿਸ਼ਟੀਗੋਚਰ ਹੈ। ਸਭ ਤੋਂ ਪਹਿਲਾਂ ਖੁਰਾਕ ਵਿਚ ਕੈਲਸ਼ੀਅਮ ਦਾ ਹੋਣਾ ਬੜਾ ਜ਼ਰੂਰੀ

ਹੈ। ਜਿਸ ਨਾਲ ਦੰਦ ਤੇ ਹੱਡੀਆਂ ਮਜ਼ਬੂਤ ਰਹਿੰਦੇ ਹਨ। ਦੰਦਾਂ ਦਾ ਦੁਸ਼ਮਣ ਮਿੱਠਾ ਹੈ, ਮਿੱਠਾ ਖਾਣ ਤੋਂ ਬਾਅਦ ਕੁਰਲਾ ਕਰਨਾ ਚਾਹੀਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਖਾਲੀ ਪਾਣੀ ਨਾਲ ਬਰਸ਼ ਕਰਨਾ ਚਾਹੀਦਾ ਹੈ ਜਿਸ ਨਾਲ ਅੰਨ ਦੇ ਸਾਰੇ ਕਣ ਨਿਕਲ ਜਾਂਦੇ ਹਨ, ਬੈਕਟੀਰੀਆ ਦੰਦਾਂ ਵਿਚ ਨਹੀਂ ਲਗਦਾ। ਇਸ ਤਰ੍ਹਾਂ ਕਰਨਾ ਦੰਦਾਂ ਨਾਲ ਪਿਆਰ ਕਰਨ ਵਾਲੇ ਵਿਅਕਤੀਆਂ ਲਈ ਜ਼ਰੂਰੀ ਹੈ। ਮੇਰਾ ਵਿਚਾਰ ਹੈ ਸੰਗੀਤਕਾਰ, ਸੰਗੀਤ ਪ੍ਰੇਮੀ ਤੇ ਹੋਰ ਲੋਕ ਇਸ ਵਲ ਧਿਆਨ ਦੇਕੇ ਲਾਭ ਉਠਾ ਸਕਣਗੇ। ਅਜ ਤਕ ਅਸੀਂ ਇਹੋ ਸਮਝਦੇ ਆਏ ਕਿ ਸੰਗੀਤ ਦਾ ਸੰਬੰਧ ਸੁੰਦਰ ਗਲੇ ਨਾਲ ਹੀ ਹੈ ਲੇਕਿਨ ਇਸ ਨਾਲ ਦੰਦਾ ਦਾ ਕਿੰਨਾ ਮਹੱਤਵ ਹੈ ਇਸ ਨੂੰ ਸਮਝਣਾ ਵੀ ਅਤਿ ਜ਼ਰੂਰੀ ਹੈ।

ਪੰਥ ਦੇ ਮਹਾਨ ਕੀਰਤਨੀਏ ਸਮਾਜ ਸੁਧਾਰਕ, ਅਣਥੱਕ ਪ੍ਰਚਾਰਕ ਅਤੇ ਵਿਦਿਅਕ ਅਦਾਰਿਆਂ ਦੇ ਸੰਸਥਾਪਕ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲੇ (1879-1926) ਦਾ ਜਨਮ ਦਿਹਾੜਾ ਚੰਡੀਗੜ੍ਹ ਵਿਖੇ 12 ਅਤੇ 13 ਨਵੰਬਰ, 1995 ਨੂੰ ਬੜੀ ਸ਼ਰਧਾ, ਪਿਆਰ ਅਤੇ ਉਤਸਾਹ ਨਾਲ ਮਨਾਇਆ ਗਿਆ। ਭਾਈ ਸਾਹਿਬ ਦੇ ਸਪੁੱਤਰ ਮੇਜਰ ਆਗਿਆਪਾਲ ਸਿੰਘ ਦੁਆਰਾ ਸਥਾਪਤ ਕੀਤੇ ਗਏ ਭਾਈ ਹੀਰਾ ਸਿੰਘ ਮੈਮੋਰੀਅਲ ਟਰੱਸਟ ਵਲੋਂ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਸਿੱਖ ਪੰਥ ਦੀ ਪਨੀਰੀ ਅਤੇ ਨੌਜਵਾਨ ਪੀੜ੍ਹੀ ਦੀ ਸੰਭਾਲ, ਉਹਨਾਂ ਨੂੰ ਸਿੱਖੀ ਜੀਵਨ ਜਾਚ ਸਿਖ ਉਣ, ਗੁਰਮੱਤਿ ਦੀ

# ਪੰਥ ਦੇ ਅਨਮੋਲ ਹੀਰੇ ਭਾਈ ਹੀਰਾ ਸਿੰਘ ਜੀ ਦੀ ਯਾਦ ਵਿਚ ਸਮਾਗਮ

ਸੋਝੀ ਕਰਾਉਣ ਅਤੇ ਅ ਧੁਨਿਕ ਯੁਗ ਦੀਆਂ ਸਮਸਿਆਵਾਂ ਦੇ ਟ ਕਰੇ ਲਈ ਸੁਚੱਜੀ ਅਗਵਾਈ ਪ੍ਰਦਾਨ ਕਰਨ ਲਈ ਇਹ ਟਰੱਸਟ ਨਿਰੰਤਰ ਪ੍ਰਯਤਨ-ਸ਼ੀਲ ਹੈ। ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦੇ ਸੁਪਨਿਆਂ ਨੂੰ ਸਾਕਾਰ ਰੂਪ ਦੇਣ ਲਈ ਹਰ ਸਾਲ ਆਪ ਜੀ ਦੇ ਜਨਮ ਦਿਹਾੜੇ ਤੇ ਵਿਸ਼ੇਸ਼ ਪ੍ਰੋਗਰ ਮ ਉਲੀਕੇ ਜਾਂਦੇ ਹਨ।

ਮਿਤੀ 12 ਨਵੰਬਰ, 1995 ਨੂੰ ਗੁਰੂ ਨਾਨਕ ਬਾਲ ਆਸ਼ਰਮ ਸੈਕਟਰ 27 ਡੀ, ਚੰਡੀਗੜ੍ਹ ਵਿਖੇ ਇਕ ਵਿਸ਼ੇਸ਼ ਦੀਵਾਨ ਸਜਾਇਆ ਗਿਆ। ਜਿਸ ਵਿਚ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਕਲਕੱਤਾ ਸ਼ਹਿਰ ਵਿਖੇ ਸਥਾਪਿਤ ਗੁਰਬਾਣੀ ਮਿਊਜ਼ਿਕ ਅਕੈਡਮੀ ਦੇ ਪ੍ਰਿੰਸੀਪਲ ਸਰਦਾਰ ਨਰਿੰਦਰ ਸਿੰਘ ਤੇ ਉਨ੍ਹਾਂ ਵਿਦਿਆਰਥੀਆਂ ਜੋ ਕਿ ਇਸ ਪ੍ਰੋਗਰਾਮ ਲਈ ਵਿਸ਼ੇਸ਼ ਤੌਰ ਤੇ ਆਏ ਸਨ ਤੋਂ ਇਲਾਵਾ ਚੰਡੀਗੜ੍ਹ ਦੇ ਅਨੇਕ ਪਤਵੰਤੇ ਸੱਜਣ, ਪੰਜਾਬ ਹਰਿਆਣਾ ਹਾਈ ਕੋਰਟ ਦੇ ਸ ਬਕਾ ਚ ਫ ਜਸਟਿਸ ਸ. ਹਰਬੰਸ ਸਿੰਘ ਜਸਟਿਸ ਰਾਮ ਸਿੰਘ ਬਿੰਦਰਾ, ਸਟੇਟ ਬੈਂਕ ਆਫ ਇੰਡੀਆ ਦੇ ਸੈਂਟਰਲ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਸਰਦਾਰ ਪਰਮਪਾਲ ਸਿੰਘ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਅਤੇ ਸਕੂਲਾਂ ਦੇ ਵਿਦਿਆਰਥੀ ਹਾਜ਼ਰ ਸਨ।

ਇਸ ਵਿਸ਼ੇਸ਼ ਦੀਵਾਨ ਦੇ ਮੁਖ ਆਕਰਸ਼ਣ ਸਨ ਬੱਚਿਆਂ ਵਲੋਂ ਸ਼ਬਦ ਗਾਇਨ ਅਤੇ ਗੁਰ ਇਤਿਹਾਸ ਤੇ ਸਿਖ ਧਰਮ ਉਪਰ ਆਧਾਰਿਤ ਪ੍ਰਸ਼ਨੋਤਰੀ ਮੁਕਾਬਲਾ (ਕਵਿਜ਼ ਕੰਨਟੈਸਟ), ਇਹ ਪ੍ਰੋਗਰਾਮ ਬੜਾ ਰੋਚਕ ਰਿਹਾ। ਸਵਾਲਾਂ ਜਵਾਬਾਂ ਰਾਹੀਂ ਸੰਗਤ ਨੇ ਵੀ ਕਾਫੀ ਜਾਣਕਾਰੀ ਪ੍ਰਾਪਤ ਕੀਤੀ। ਚੰਡੀਗੜ੍ਹ ਦੇ ਗੁਰੂ ਨਾਨਕ ਪਬਲਿਕ ਸਕੂਲ, ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਇੰਡੀਅਨ ਪਬਲਿਕ ਸਕੂਲ, ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸੰਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ ਪੰਚਕੂਲਾ ਅਤੇ ਨੈਸ਼-ਨਲ ਮਾਡਲ ਹਾਈ ਸਕੂਲ ਖਰੜ ਦੀਆਂ ਟੀਮਾਂ ਨੇ ਕਵਿਜ਼ ਕੰਨਟੈਸਟ ਵਿਚ ਭਾਗ ਲਿਆ। ਮੁਕਾਬਲੇ ਵਿਚ ਪਹਿਲਾ ਸਥਾਨ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੂਜਾ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅਤੇ ਤੀਜਾ ਨੈਸ਼ਨਲ ਮਾਡਲ ਹਾਈ ਸਕੂਲ ਖਰੜ ਦੀਆਂ ਟੀਮਾਂ ਨੇ ਪ੍ਰਾਪਤ ਕੀਤਾ।

ਡਾ. ਜਗਜੀਤ ਸਿੰਘ ਸਾਬਕਾ ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ ਨੇ ਭਾਈ ਸਾਹਿਬ ਦੇ ਜੀਵਨ ਦੇ ਅਨੇਕ ਪਹਿਲੂਆਂ ਤੇ ਰੋਸ਼ਨੀ ਪਾਈ।

ਵਿਸ਼ੇਸ਼ ਸੱਦੇ ਤੇ ਆਏ ਗੁਰਬਾਣੀ ਮਿਊਜ਼ਿਕ ਅਕੈਡਮੀ ਦੇ ਪ੍ਰਿੰਸੀਪਲ ਸਰਦਾਰ ਨਰਿੰਦਰ ਸਿੰਘ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਨੇ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਅਕੈਡਮੀ ਦੀ ਇਕ ਬੰਗਾਲੀ ਬੀਬੀ ਅਲੀਵੀਆ ਧਰ ਨੇ ਸ਼ਾਸਤਰੀ ਰਾਗ ਉਪਰ ਆਧਾਰਿਤ ਇਕ ਸ਼ਬਦ 'ਚਰਨ ਕਮਲ ਸੰਗਿ ਲਾਗੀ ਡੋਰੀ' ਰਾਗ ਲਲਿਤ ਵਿਚ ਅਤੇ ਇਸੇ ਅਕੈਡਮੀ ਦੀ ਇਕ ਹੋਰ ਬਚੀ ਸ ਮਨਜੀਤ ਕੌਰ ਨੇ 'ਗੁਰੂ ਕੇ ਚਰਨ ਜੀਅ ਕਾ ਨਿਸਤਾਰਾ' ਰਾਗ ਮਾਲਕੌਂਸ ਵਿਚ ਗਾਇਨ ਕੀਤੇ।

ਡਾ. ਜਗੀਰ ਸਿੰਘ ਜੀ ਦ ਜਥ ਨੇ 'ਹੰਉ ਕੁਰਬਾਨੈ ਜਾਉ ਤਿਨਾਂ ਕੇ ਲੈਨਿ ਜ ਤੇਰਾ ਨਾਉ, ਸ਼ਬਦ ਸੁਣਾ ਕੇ ਭਾਈ ਹੀਰਾ ਸਿੰਘ ਜੀ ਦੀਆਂ ਯ ਦਾਂ ਨੂੰ ਤਾਜ਼ਾ ਕੀਤਾ। ਟਰੱਸਟ ਵਲੋਂ ਚਲਾਈ ਜਾ ਰਹੀ ਕੀਰਤਨ ਕਲਾਸ ਦੀਆਂ ਵਿਦਿਆ-ਰਥਣਾਂ ਨਿਰਮਲਜੀਤ ਕੌਰ, ਚਰਨਜੀਤ ਕੌਰ, ਗੁਰਕੀਰਤ ਕੌਰ ਆਦਿ ਨੇ ਸ. ਉਤਮ ਸਿੰਘ ਦੀ ਅਗਵਾਈ ਹੇਠ ਸ਼ਬਦ

ਗਾਇਨ ਕੀਤੇ। ਇਨ੍ਹਾਂ ਤੋਂ ਇਲਾਵਾ ਬੀਬੀ ਹਰਲੀਨ ਕੌਰ, ਭਾਈ ਹੀਰਾ ਸਿੰਘ ਜੀ ਦੇ ਪਰਿਵਾਰ ਵਿਚੋਂ ਇਕ ਛੋਟੀ ਬਚੀ ਮਲਿਕਾ ਕੌਰ ਅਤੇ ਬੀਬੀ ਗੁਰਚਰਨ ਕੌਰ ਨੇ ਵੀ ਸ਼ਬਦ ਗਾਇਨ ਕੀਤੇ।

ਅੰਤ ਵਿਚ ਕਵਿਜ਼ ਕੰਨਟੈਸਟ ਵਿਚ ਪਹਿਲੇ ਤੇ ਦੂਜੇ ਸਥਾਨ ਤੇ ਆਏ ਸਕੂਲਾਂ ਨੂੰ ਤੇ ਭਾਗ ਲੈਣ ਵਾਲੇ ਸਾਰੇ ਬਚਿਆਂ ਨੂੰ ਇਨਾਮ ਦਿਤੇ ਗਏ। ਇਨਾਮ ਵੰਡਣ ਦੀ ਰਸਮ ਸਰਦਾਰ ਪਰਮਪਾਲ ਸਿੰਘ ਨੇ ਨਿਭਾਈ।

ਆਈਆਂ ਸੰਗਤਾਂ ਤੇ ਭਾਗ ਲੈਣ ਵਾਲੇ ਸਕੂਲਾਂ ਦੇ ਪ੍ਰਬੰਧਕਾਂ ਦਾ ਟਰਸਟ ਵਲੋਂ ਧੰਨਵਾਦ ਕੀਤਾ ਗਿਆ।

13 ਨਵੰਬਰ, 1995, ਨੂੰ ਗੁਰਦਵਾਰਾ ਗੁਰੂ ਤੇਗ ਬਹਾਦਰ, ਸੈਕਟਰ-34, ਚੰਡੀਗੜ੍ਹ, ਵਿਖੇ ਉਪਰੋਕਤ ਸੰਬੰਧ ਵਿਚ ਭਾਈ ਹੀਰਾ ਸਿੰਘ ਮੈਮੋਰੀਅਲ ਟਰਸਟ ਦੇ ਸਹਿਯੋਗ ਨਾਲ ਕੀਰਤਨ, ਕਥਾ ਅਤੇ ਵਿਚਾਰਾਂ ਤੇ ਆਧਾਰਤ ਗੁਰਮਤਿ ਸਮਾਗਮ 5-30 ਸ਼ਾਮ ਵਜੇ ਆਰੰਭ ਹੋਇਆ। ਭਾਈ ਸਾਹਿਬ ਦੀ ਯਾਦ ਮਨਾਉਣ ਲਈ ਸੰਗਤਾਂ ਵਹੀਰਾਂ ਪਾ ਕੇ ਪਹੁੰਚ ਰਹੀਆਂ ਸਨ। ਗੁਰਦਵਾਰਾ ਸਾਹਿਬ ਦਾ ਦੀਵਾਨ ਹਾਲ ਅਤੇ ਬਾਲਕੋਨੀ ਸੰਗਤਾਂ ਨਾਲ ਖਚਾ ਖਚ ਭਰੇ ਸਨ। ਕਾਫੀ ਸੰਗਤਾਂ ਬਾਹਰ ਵੀ ਬੈਠੀਆਂ ਸਨ। ਪਰ ਹੈਰਾਨੀ ਦੀ ਗਲ ਹੈ ਕਿ ਇਤਨੀ ਗਿਣਤੀ ਵਿਚ ਸੰਗਤਾਂ ਮੌਜੂਦ ਹੋਣ ਦੇ ਬਾਵਜੂਦ ਇਕ ਅਦਭੁਤ ਸ਼ਾਂਤਮਈ ਵਾਤਾਵਰਣ ਛਾਇਆ ਹੋਇਆ ਸੀ। ਸੰਗਤਾਂ ਵਿਸਮਾਦਿਕ ਅਵਸਥਾ ਵਿਚ ਬੈਠ ਕੇ ਭਾਈ ਹੀਰਾ ਸਿੰਘ ਦੀਆਂ ਪੰਥਕ ਦੇਣਾ ਦਾ ਅਨੁਮਾਨ ਲਗਾ ਰਹੀਆਂ ਸਨ। ਡਾ. ਜਾਗੀਰ ਸਿੰਘ ਜੀ ਦੇ ਜਥੇ ਨੇ 'ਭਲੇ ਭਲੇ ਰੇ ਕੀਰਤਨੀਆ' ਅਤੇ ''ਜਨ ਪਰ-ਉਪਕਾਰੀ ਆਏ'' ਸ਼ਬਦ ਸੁਣਾ ਕੇ ਭਾਈ ਹੀਰਾ ਸਿੰਘ ਜੀ ਦੀਆਂ ਯਾਦਾਂ ਨੂੰ ਸਾਰਥਕਤਾ ਦਾ ਜਾਮਾ ਪਹਿਨਾਇਆ। ਕੀਰਤਨ ਰੋਕ ਕੇ ਡਾਕਟਰ ਸਾਹਿਬ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਜਦੋਂ ਭਾਈ ਹੀਰਾ ਸਿੰਘ ਜੀ ਸਰੀਰ ਕਰਕੇ ਵਿਚਰਦੇ ਹੋਣਗੇ, ਲੋਕੀ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਸਰਸ਼ਾਰ ਹੁੰਦੇ ਹੋਣਗੇ। ਉਨ੍ਹਾਂ ਦੀ ਕੀਰਤਨ ਕਲਾ, ਉੱਚੇ ਜੀਵਨ ਤੇ ਗੁਰੂ ਪੰਥ ਦੀ ਸੇਵਾ ਨੂੰ ਯਾਦ ਕਰਕੇ ਅਜ ਵੀ ਅਸੀਂ ਕੀਰਤਨੀ ਜਥੇ ਕੀਰਤਨ ਦੀ ਪ੍ਰੇਰਨਾ ਲੈਂਦੇ ਹਾਂ।

ਇਸ ਤੋਂ ਉਪਰੰਤ ਗੁਰਬਾਣੀ ਮਿਊਜ਼ਿਕ ਅਕੈਡਮੀ ਦੇ ਵਿਦਿਆਰਥੀਆਂ ਅਤੇ ਪ੍ਰਿੰਸੀਪਲ ਨਰਿੰਦਰ ਸਿੰਘ ਜੀ ਨੇ ਕੀਰਤਨ ਦੀ ਹਾਜ਼ਰੀ ਭਰੀ। ''ਸਭੇ ਸਾਂਝੀਵਾਲ ਸਦਾਇਨ'' ਅਤੇ ''ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ'' ਦੇ ਆਸ਼ੇ ਨੂੰ ਮੁਖ ਰਖ ਕੇ ਚਲਣ ਵਾਲੀ ਇਸ ਨਿਸ਼ਕਾਮ ਸੇਵਾ ਕਰਨ ਵਾਲੀ ਸੰਸਥਾ ਦੀ ਇਕ ਬੰਗਾਲੀ ਬੀਬੀ ਅਲੀਵੀਆ ਧਰ ਨੇ ਗੁਰੂ ਸਾਹਿਬ ਜੀ ਦੀ ਸਰਬ-ਸਾਂਝੀ ਬਾਣੀ ਦੇ ਇਕ ਸ਼ਬਦ 'ਹਰਿ ਹਰਿ ਹਰਿ ਗੁਨ ਗਾਵਹੁ' ਨੂੰ ਰਾਗ ਕੇਦਾਰਾ ਵਿਚ ਅਲਾਪ ਤਥਾ ਤਾਲਾਂ ਸਹਿਤ ਗਾਇਨ ਕਰਕੇ ਸਰੋਤਿਆਂ ਨੂੰ ਗਦ ਗਦ ਕਰ ਦਿਤਾ। ਇਸ ਤਰ੍ਹਾਂ ਜਾਪਦਾ ਸੀ ਕਿ ਕੇਵਲ ਗੁਰੂ ਨਾਨਕ ਦੀ ਬਾਣੀ ਹੀ ਇਸ ਜਗਤ ਜਲੰਦ ਦਾ ਦਾਰੂ ਹੈ। ਅਕੈਡਮੀ ਦੀ ਇਕ ਹੋਰ ਬੱਚੀ ਸ਼ਰਨਜੀਤ ਕੌਰ ਨੇ ਭਗਤ ਰਾਮਾ ਨੰਦ ਜੀ ਦੇ ਸ਼ਬਦ 'ਕਤ ਜਾਈਐ ਰੇ ਘਰ ਲਾਗੋ ਰੰਗ' ਰਾਗ ਮਲ੍ਹਾਰ ਵਿਚ ਗਾਇਨ ਕੀਤਾ। ਪ੍ਰਿੰਸੀਪਲ ਨਰਿੰਦਰ ਸਿੰਘ ਨੇ 'ਤਿਨ ਵੇਖਿ ਵੇਖਿ ਹਮ ਜੀਵਾਹਿ' ਸ਼ਬਦ ਗਾਇਨ ਕਰਕੇ ਸਰੋਤਿਆ ਨੂੰ ਆਤ-ਮਿਕ ਹੁਲਾਰਿਆਂ ਵਿਚ ਮਗਨ ਕਰ ਦਿਤਾ।

ਇਸ ਮੌਕੇ ਤੇ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਵਾਲਿਆਂ ਨੇ ਭਾਈ ਹੀਰਾ ਸਿੰਘ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਆਪ ਸ਼ਬਦ ਨਾਲ ਜੁੜੇ ਤੇ ਸੰਗਤਾਂ ਨੂੰ ਸ਼ਬਦ ਨਾਲ ਜੋੜਿਆ। ਸ਼ਬਦ ਦੀ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਨਿਰੰਕਾਰ ਤੋਂ ਤਾਂ ਸ਼ਬਦ ਰੂਪ ਵਿਚ ਨਾਮ ਆਇਆ ਹੈ ਤੇ ਸ਼ਬਦ ਨੇ ਕਾਇਨਾਤ ਨੂੰ ਹੋਂਦ ਵਿਚ ਲਿਆਂਦਾ। ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਨੇ ਸ਼ਬਦ ਗੁਰੂ ਦਾ ਸਿਧਾਂਤ ਦਿਤਾ। ਸ਼ਬਦ ਪਰਵੇਸ਼ਕਾ ਜੀਵਨ ਵਿਚ ਆ ਜਾਵੇ ਤਾਂ ਨਿਰੰਕਾਰ ਦੀ ਸੋਝੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੋ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰੂ ਜਾਣਕੇ ਬਾਣੀ ਪੜ੍ਹਦੇ ਹਨ ਉਨ੍ਹਾਂ ਨੂੰ ਹੀ ਗੁਰੂ ਦੇ ਦੀਦਾਰ ਹੁੰਦੇ ਹਨ। ਉਨ੍ਹਾਂ ਨੇ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਦਾ ਸਪੁਤਰ ਦਸਿਆ ਅਤੇ ਕਿਹਾ ਕਿ ਗੁਰੂ ਜੀ ਦੀ ਸੰਤਾਨ ਕਦੇ ਵੀ ਕਾਲ ਦੇ ਗੇੜ ਵਿਚ ਨਹੀਂ ਆਉਂਦੀ ਇਸ ਲਈ ਉਹ ਅਮਰ ਹਨ।

ਸ੍ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਿਯੁਕਤ ਕੀਤੇ ਇੰਟਰਨੈਸ਼ਨਲ ਮਿਸ਼ਨਰੀ ਗਿਆਨੀ ਜਗਤਾਰ ਸਿੰਘ ਜਾਚਕ ਨੇ ਭਾਈ ਹੀਰਾ ਸਿੰਘ ਦੀਆਂ ਪੰਥ ਲਈ ਕੀਤੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਜਦੋਂ ਮਨੁਖ ਨੂੰ ਇਹ ਡਰ ਪੈਦਾ ਹੋ ਜਾਵੇ ਕਿ ਜਨਮ ਵਿਚ ਕੋਈ ਭਲਾ ਕੰਮ ਨਹੀਂ ਕੀਤਾ ਤਾਂ ਉਹ ਮਨੁੱਖ ਪਰ-ਉਪਕਾਰੀ ਹੋ ਨਿਬੜਦੇ ਹਨ। ਅਜਿਹਾ ਡਰ ਹੀ ਭਾਈ ਹੀਰਾ ਸਿੰਘ ਨੂੰ ਕੌਮ ਦਾ ਹੀਰਾ ਬਣਾ ਗਿਆ। ਆਪ ਨੇ ਕਈਆਂ ਦੇ ਜੀਵਨ

ਨੂੰ ਸਫਲ ਕੀਤਾ। ਸਰੀਰ ਕਰਕੇ ਤਾ ਹਰ ਇਕ ਦੀ ਮ੍ਰਿਤੂ ਹੋ ਜਾਂਦੀ ਹੈ ਪਰ ਜਗ ਦਾ ਭਲਾ ਕਰਨ ਵਾਲੇ ਅਮਰ ਹੋ ਜਾਂਦੇ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹੋ ਜਿਹੇ ਗੁਰਮੁਖਾਂ ਦੀਆਂ ਬਰਸੀਆਂ ਨਹੀਂ ਮਨਾਉਣੀਆਂ ਚਾਹੀਦੀਆਂ ਬਲਕਿ ਜਨਮ ਦਿਹਾੜੇ ਹੀ ਮਨਾਉਣੇ ਚਾਹੀਦੇ ਹਨ। ਟਰਸਟ ਨੇ ਚੰਗੀ ਤਬਦੀਲੀ ਕੀਤੀ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਬਰਸੀ ਛਡਕੇ ਜਨਮ ਦਿਹਾੜਾ ਮਨਾਉਣਾ ਸ਼ੁਰੂ ਕੀਤਾ ਹੈ।

ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਨੇ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਵਿਚ ਕੀਰਤਨ ਦਾ ਆਰੰਭ ਕੀਤਾ। ਹਜ਼ਾਰਾਂ ਦੀ ਗਿਣਤੀ ਵਿਚ ਪੁਜੀਆਂ ਸੰਗਤਾਂ ਨਾਲ ਰਲ ਗਈਆਂ ਵਾਹਿਗੁਰੂ ਦੀ ਧੁਨੀ ਵਿਚ ਜੁੜੀਆਂ ਸੰਗਤਾਂ ਸਵਰਗੀ ਨਜ਼ਾਰਾ ਪੇਸ਼ ਕਰ ਰਹੀਆਂ ਸਨ।

"ਗੁਰਮੁਖਿ ਮੂਏ ਜੀਂਵਦੇ ਪਰਵਾਨ ਹੈ" ਗੁਰ ਸ਼ਬਦ ਰਾਹੀਂ ਭਾਈ ਹੀਰਾ ਸਿੰਘ ਜੀ ਨੂੰ ਅਮਰ ਜੀਵਨ ਦੀ ਉਪਮਾ ਨਾਲ ਯਾਦ ਕੀਤਾ। ਉਨ੍ਹਾਂ ਕਿਹਾ ਭਾਈ ਸਾਹਿਬ ਕੀਰਤਨ ਕਰਦੇ ਕੀਰਤਨ ਰੂਪ ਹੋ ਜਾਂਦੇ ਸੀ। ਜਿਸ ਦੀ ਜੀਉਦਿਆਂ ਹੀ ਮੈਂ ਮਰ ਜਾਂਦੀ ਹੈ ਉਹ ਸਦਾ ਹੀ ਜਿਉਂਦਾ ਹੈ। ਗੁਰਮੁਖ ਅਕਾਲ ਪੁਰਖ ਦੀ ਸੁਗੰਧੀ ਦੁਨੀਆਂ ਵਿਚ ਵੰਡਦਾ ਹੈ। ਅਜਿਹੇ ਸੁਗੰਧੀ ਵਾਲੇ ਭਾਈ ਹੀਰਾ ਸਿੰਘ ਸਨ। ਇਹ ਸਾਰੀ ਬਖਸ਼ਿਸ਼ ਗੁਰਪ੍ਰਸਾਦਿ ਦੀ ਹੈ। ਸਰੋਤੇ ਭਾਈ ਜਸਬੀਰ ਸਿੰਘ ਜੀ ਖਾਲਸਾ ਨਾਲ ਗੁਰਬਾਣੀ ਗਾਇਨ ਵਿਚ ਸ਼ਾਮਲ ਹੋ ਕੇ ਗੁਰੂ ਦੇ ਕੀਰਤਨਏ ਭਾਈ ਹੀਰਾ ਸਿੰਘ ਜੀ ਦੀ ਮਿਠੀ ਯਾਦ ਵਿਚ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰ ਰਹੇ ਸਨ। "ਗੁਰਸਿਖਾਂ ਸਾਬਾਸ, ਜਨਮ ਸਵਾਰਿਆ" ਦੀ ਤੁਕ ਬਾਰ ਬਾਰ ਪੜ ਕੇ ਸੰਗਤਾਂ ਭਾਈ ਹੀਰਾ ਸਿੰਘ ਜੀ ਨੂੰ ਸ਼ਰਧਾਂਜਲੀ ਭਟ ਕਰ ਰਹੀਆਂ ਸਨ। ਭਾਈ ਸਾਹਿਬ ਨੇ ਦਸਿਆ ਕਿ ਸ ਧ ਸੰਗਤ ਵਿਚੋਂ ਜਨਮ ਲੈਣ ਵਾਲੇ ਹੀ ਸਾਧੂ ਦੇ ਗੁਣ ਧਾਰਨ ਕਰਕ ਗੁਰਸਿਖ ਬਣਦੇ ਹਨ। ਧੰਨੁ ਜਣੇਦੀ ਮਾਇ ਧੰਨੁ ਜਣੇਦੀ ਮਾਇ ਗਾਉਂਦਿਆਂ ਭਾਈ ਸਾਹਿਬ ਨੇ ਕਿਹਾ ਕਿ ਅਜਿਹੇ ਸੱਜਣ ਆਪਣੀ ਕੁਲ ਵੀ ਸੰਵਾਰ ਜਾਂਦੇ ਹਨ ਤੇ ਦਰਗਾਹ ਵਿਚ ਵੀ ਪਰਵਾਨ ਹੁੰਦੇ ਹਨ।

ਅੰਤ ਵਿਚ ਗੁਰਬਾਣੀ ਮਿਊਜ਼ਿਕ ਅਕਾਡਮੀ ਦੀ ਇਕ ਬੱਚੀ ਗੁਰਜੀਤ ਕੌਰ ਨੇ ਬੜੇ ਅੱਤ-ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਭਾਈ ਸਾਹਿਬ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਦੇਣਾਂ ਬਾਰੇ ਸੰਗਤ ਨੂੰ ਜਾਣੂ ਕਰਵਾਇਆ।

ਟਰੱਸਟ ਵਲੋਂ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੁਆਰਾ ਭਾਇ ਜਸਵੀਰ ਸਿੰਘ ਖਾਲਸਾ, ਗਿਆਨੀ ਜਗਤਾਰ ਸਿੰਘ ਜਾਚਕ, ਬਾਬਾ ਸੁਚਾ ਸਿੰਘ, ਡਾ. ਦਰਸ਼ਨ ਸਿੰਘ, ਡਾ. ਜਾਗੀਰ ਸਿੰਘ, ਪ੍ਰਿੰਸੀਪਲ ਨਰਿੰਦਰ ਸਿੰਘ, ਡਾ. ਜਗਜੀਤ ਸਿੰਘ, ਭਾਈ ਗੁਰਬੀਰ ਸਿੰਘ, ਗਿਆਨੀ ਪ੍ਰਗਟ ਸਿੰਘ, ਸ. ਉਤਮ ਸਿੰਘ ਅਤੇ ਗੁਰਬਾਣੀ ਮਿਊਜ਼ਿਕ ਅਕੈਡਮੀ ਦੇ ਜਥੇ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਭਾਈ ਹੀਰਾ ਸਿੰਘ ਜੀ ਦੇ ਸਪੁਤਰ ਮੇਜਰ ਆਗਿਆਪਾਲ ਸਿੰਘ ਜੀ ਨੇ ਸਮੂਹ ਆਈਆਂ ਸੰਗਤਾਂ ਅਤੇ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ। ਸੰਗਤਾਂ ਨੇ ਮੇਜਰ ਆਗਿਆਪਾਲ ਸਿੰਘ ਜੀ ਨੂੰ ਅਪੀਲ ਕੀਤੀ ਕਿ ਉਹ ਭਵਿਖ ਵਿਚ ਵੀ ਐਸੇ ਸਮਾਗਮ ਰਚ ਕੇ ਸੰਗਤਾਂ ਦੇ ਮਨਾ ਵਿਚ ਭਾਈ ਸਾਹਿਬ ਦੀ ਯਾਦ ਨੂੰ ਤਾਜਾ ਰਖਣ।

# ਕੀਰਤਨ

## ਸਰਦਾਰਨੀ ਹਰਬਸ ਕੌਰ ਯੂ. ਕੇ.

### ਸਪੁਤਨੀ ਸ਼ਹੀਦ ਸ. ਨਾਨਕ ਸਿੰਘ ਐਡਵੋਕੇਟ

ਸੋ ਅਸਥਾਨ ਬਤਾਵੋ ਮੀਤਾ ॥
ਜਾ ਕੇ ਹਰਿ ਹਰਿ ਕੀਰਤਨ ਕੀਤਾ ॥

ਇਕ ਗੁਰਸਿਖ ਦੂਜੇ ਨੂੰ ਪੁਛਦਾ ਹੈ ਕਿ ਹੇ ਭਾਈ ਕਿਰਪਾ ਕਰਕੇ ਉਸ ਜਗ੍ਹਾ ਦੀ ਦਸ ਪਾ ਦਿਓ ਜਿਥੇ ਕੀਰਤਨ ਹੋ ਰਿਹਾ ਹੈ; ਤੇ ਨਿਤ ਪ੍ਰਤੀ ਹੀ ਕੀਰਤਨ ਹੋ ਰਿਹਾ ਹੈ।

ਆਪ ਸਭ ਨੂੰ ਭਲੀ ਭਾਂਤ ਪਤਾ ਹੈ ਕਿ ਸੱਪ ਕਿੰਨਾ ਜ਼ਹਿਰੀਲਾ ਹੁੰਦਾ ਹੈ। ਪਰ ਬੜੀ ਹੈਰਾਨਗੀ ਦੀ ਗਲ ਹੈ ਕਿ ਉਹ ਰਾਗ ਤੇ ਮਸਤ ਹੁੰਦਾ 'ਕਿਵੇਂ ਨਾਦ ਕੁਰੰਕੇ ਬੇਧਿਆ ਸਣ ਮੁਖ ਉਠ ਧਾਵੇ। ਭਵਰ ਲੋਭੀ ਕੁਸਮ ਬਾਸ ਕਾ ਮਿਲ ਆਪ ਬੰਧਾਵੇ।' ਸੋ ਸੱਪ ਨੂੰ ਭਾਵੇਂ ਦੁੱਧ ਪਿਆਓ ਉਹਦੇ ਅੰਦਰ ਜ਼ਹਿਰ ਹੀ ਵਧਦਾ ਹੈ। ਜਦ ਜ਼ਹਿਰ ਦੀ ਗੁਥਲੀ ਭਰ ਜਾਂਦੀ ਹੈ ਤਾਂ ਉਹ ਲਭਦਾ ਹੈ ਕਿਥੇ ਉਲਟੀ ਕਰੇ ਤੇ ਮਨ ਨੂੰ ਸ਼ਾਤੀ ਪਵੇ। ਪਰ ਜਦ ਮਨੁੱਖ ਨਹੀਂ ਮਿਲਦਾ ਤਾਂ ਉਹ ਪੱਥਰ ਤੇ ਉਲਟਦਾ ਹੈ। ਉਹ ਪੱਥਰ ਸੰਖੀਆਂ ਬਣਦਾ ਹੈ। ਸੰਖੀਆਂ ਜ਼ਰਾ ਜਿੰਨਾ ਖਤਰਨਾਕ ਹੁੰਦਾ ਹੈ। ਪਰ ਸਿਆਣੇ ਉਸ ਨੂੰ ਮਾਰ ਕ ਕੁਸ਼ਤਾ ਬਣਾਉਂਦੇ ਹਨ ਅਤ ਇਕ ਤੀਨੇ ਤੇ ਦੇਣ ਨਾਲ ਨਮੂਨੀਆ ਠੀਕ ਹੋ ਜਾਂਦਾ ਹੈ। ਅਜਿਹਾ ਜ਼ਹਿਰੀਲਾ ਸੱਪ ਵੀ ਬੀਨ ਦੀ ਮਧੁਰ ਧੁਨ ਉਤੇ ਮਸਤ ਹੋ ਜਾਂਦਾ ਹੈ।

ਇਸੇ ਤਰ੍ਹਾਂ ਕੀਰਤਨ ਵੀ ਮਨ ਨੂੰ ਕੀਲਣ ਦੀ ਸਮਰਥਾ ਰਖਦਾ ਹੈ।

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ। |
| ਧ੍ਰ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ। ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ। |
| ਮੇ | ਇਹ ਤੀਬਰ ਮਧਿਅਮ ਹੈ। ਸੁਰ ਨੰ: 7 ਤੀਬਰ ਮਧਿਅਮ ਹੈ। |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ। |
| ਸ/ਪਂ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ। |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਸ਼ਾਂ s | ਜਿਸ ਅੱਖਰ ਅੱਗੇ ਜਿਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ। |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇਕ ਮਾਤਰਾ ਵਿਚ ਗਾਉਣਾ ਹੈ। |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿਚ ਲਗਾਉਣਾ ਹੈ। |

XO 123 Xਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ।

## ਸੁਰਾਂ: ਕੋਮਲ ਅਤੇ ਤੀਵਰ

**ਕੋਮਲ ਸੁਰਾਂ : ਰੇ ਗ ਧ ਨੀ          ਤੀਵਰ ਸੁਰ : ਮ**

**ਨੋਟ : ਸੁਰਾਂ ਦੀ ਗਿਆਤ ਸੁਖੇਨ ਕਰਨ ਲਈ ਨੰਬਰ ੧ ਤੋਂ ੧੨ ਲਗਾਏ ਹਨ**

ਮੰਦ੍ਰ ਸਪਤਕ | ਮਧਜ ਸਪਤਕ | ਤਾਰ ਸਪਤਕ

ਰੇ ਗ ਮ ਧ ਨੀ | ਰੇ ਗ ਮ ਧ ਨੀ | ਰੇ ਗ ਮ ਧ ਨੀ | ਰੇ




ਸ ਰੇ ਗ ਮ ਪ ਧ ਨੀ | ਸ ਰੇ ਗ ਮ ਪ ਧ ਨੀ | ਸ ਰੇ ਗ ਮੇ ਪ ਧ ਨੀ | ਸ

ਨੀਵੀਂ ਆਵਾਜ | ਦਰਮਿਆਨੀ ਆਵਾਜ | ਉੱਚੀ ਆਵਾਜ

# ਸੁਰ ਲਿਪੀ ਰਾਗ ਬਸੰਤ

ਸੁਰਿੰਦਰ ਸਿੰਘ ਧਰਮਕੋਟ

ਇਹ ਪੂਰਵੀ ਥਾਟ ਦਾ ਰਾਗ ਹੈ, ਵਾਦੀ ਸੰ ਤੇ ਸੰਵਾਦੀ ਪ ਹੈ। ਇਸ ਵਿੱਚ ਰੇ ਧ ਕੋਮਲ ਤੇ ਦੋਨੋ ਮੱਧਮ ਲਗਦੇ ਹਨ। ਜਾਤੀ ਔੜਵ-ਸੰਪੂਰਨ ਹੈ। ਗਾਣ ਦਾ ਸਮਾਂ ਮੱਧ ਰਾਤਰੀ ਹੈ ਪ੍ਰੰਤੂ ਮੌਸਮੀ ਰਾਗ ਹੋਣ ਕਾਰਨ ਬਸੰਤ ਰਿਤੂ 'ਚ ਕਿਸੇ ਵੀ ਸਮੇਂ ਗਾਇਆ ਜਾ ਸਕਦਾ ਹੈ। ਆਰੋਹ ਵਿੱਚ ਰੇ, ਪ ਵਰਜਿਤ ਹਨ। ਇਹ ਪੂਰਵੀ ਥਾਟ ਦਾ ਸ੍ਰੀ ਅੰਗ ਦੇ ਨਾਲ ਗਾਏ ਜਾਣ ਵਾਲਾ ਰਾਗ ਹੈ ਉਤਰਾਂਗ 'ਚ ਸੰ ਨੀ ਧੁ ਪ ਜਾਂ ਸ ਰੁੰ ਨੀ ਧੁ ਪ ਸਵਰ ਸੰਗਤੀ ਕਹਿਣ ਨਾਲ ਸ੍ਰੀ ਅੰਗ ਦਾ ਸਰੂਪ ਕੁਝ ਕੁਝ ਦਿਖਾਈ ਦਿੰਦਾ ਹੈ। ਪ੍ਰੰਤੂ ਮੇਗ ਮੇਗ ਸਵਰ ਕਹਿਣ ਨਾਲ ਸ੍ਰੀ ਦੀ ਛਾਇਆ ਦੂਰ ਹੋ ਜਾਂਦੀ ਹੈ। ਮੇ ਗ ਮੇ ਗ ਸਵਰਾਂ ਦੀ ਪੁਨਰਵਿਰਤੀ ਬਸੰਤ ਦੀ ਖਾਸ ਵਿਸ਼ੇਸ਼ਤਾ ਹੈ।

ਪਰਜ ਇਸ ਦਾ ਬਹੁਤ ਹੀ ਨਿਕਟ ਵਰਤੀ ਰਾਗ ਹੈ।

ਆਰੋਹ : ਸ ਗ ਮੇ ਧ ਰੁੰ ਸੰ

ਅਵਰੋਹ : ਸ ਰੁੰ ਨੀ ਧੁ ਪ ਮੇ ਗ ਮੇ ਗ ਮੇ ਧੁ ਮੇ ਗ ਰੁੰ ਸ

ਪਕੜ : ਮੇ ਧੁ ਰੁੰ ਸੰ ਰੁੰ ਨੀ ਧ ਪ ਮੇ ਗ ਮੇ ਗ

**ਸਥਾਈ** **ਸਵਰ ਲਿਪੀ**

| 0 | | | | 3 | | | | × | | | | 2 | | | |
|---|---|---|---|---|---|---|---|---|---|---|---|---|---|---|---|
| ਮੇਧੁ | ਸੰਨੀ | ਧੁ | ਪ | ਮੇ | ਗ | ਮੇ | ਧੁ | ਰੁੰ | — | ਸੰ | ਰੁੰ | ਸੰ | ਨੀ | ਧੁ | ਪ |
| ਐਂS | SS | ਸੀ | S | ਭ | ਵ | ਰ | S | ਬਾ | S | S | ਸੁ | ਲੇ | S | S | S |
| ਮੇ | ਗ | ਮੇ | ਗ | ਰੁੰ | — | ਸੰ | ਸੰ | ਸ | ਮ | ਮ | ਮ | ਮੇ | ਮ | ਗ | ਗ |
| ਤ | ਰ | ਵ | ਰ | ਫੂ | S | ਲੇ | S | ਬ | S | ਨ | ਹ | ਰੇ | S | S | S |
| ਗਮੇ | ਧੁ | ਮੇਧ | ਨੀ | ਧਨੀ | ਸ | ਨੀਸੰ | ਰੁੰ | ਸੰ | ਰੁੰ | ਸੰ | ਨੀ | ਧ | ਪ | ਮੇ | ਗ |
| ਤS | ਰ | ਵS | ਰ | ਫੂS | S | ਲੇS | S | ਬ | S | ਨ | ਹ | ਰੇ | S | S | S |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮੇਗ | ਗ | — | ਮੇ | ਧੁ | ਧੁ | ਮੇ | ਧੁ | ਰੁੰ | — | — | ਸੰ | ਰੁੰ | — | ਰੁੰ | — |
| ਆS | SS | S | ਪੇ | ਭ | ਵ | ਰਾ | S | ਫੂ | S | S | ਲ | ਬੇ | S | ਲਿ | S |
| ਗੰ | — | ਗੰ | ਮੇਂ | ਗੰ | ਰੁੰ | ਸੰ | ਸੰ | ਨੀਸੰ | ਰੁੰ | ਸੰ | ਰੁੰ | ਸੰ | ਨੀ | ਧੁ | ਪ |
| ਆ | S | ਪੇ | S | ਸੰ | S | ਗ | ਤਿ | ਮੀS | S | S | ਤ | ਮੇ | S | ਲਿ | S |

# ਸਵਰ-ਲਿਪੀ ਰਾਗ ਰਾਮਕਲੀ

ਅਰਵਿੰਦਰ ਪਾਲ ਸਿੰਘ

**ਰਾਗ ਪਰਿਚੈ :** ਭੈਰਵ ਥਾਟ ਦਾ ਬਹੁਤ ਹੀ ਪ੍ਰਸਿੱਧ ਰਾਗ ਹੈ ਜਾਤੀ ਸ਼ਾੜਵ-ਸੰਪੂਰਣ, ਵਾਦਿ-ਸੰਵਾਦਿ ਪੰਚਮ, ਸ਼ੜਜ ਹੈ। ਸਮਾਂ ਦਿਨ ਦਾ ਪਹਿਲਾ ਪਹਿਰ ਕਈ ਵਿਦਵਾਨ ਜਾਤੀ ਸੰਪੂਰਣ ਵੀ ਮੰਨਦੇ ਹਨ। ਇਸ ਵਿੱਚ ਰੇ, ਧਾ ਕੋਮਲ ਬਾਕੀ ਸੁਧ ਸਵਰ ਲਗਦੇ ਹਨ। ਮ ਤੀਵਰ ਤੇ ਨਿਸ਼ਾਦ ਕੋਮਲ ਵੀ ਲਗਦੇ ਹਨ। ਅਵਰੋਹ ਕਰਦੇ ਸਮੇਂ ਪੰਚਮ ਤੇ ਆ ਕੇ ਮੇ ਪ ਧੁ ਨੀ ਸਵਰ ਸਮੂਹ ਵਿਸ਼ੇਸ਼ ਵਿਧੀ ਨਾਲ ਹੀ ਲਾਇਆ ਜਾਂਦਾ ਹੈ।

**ਆਰੋਹ :** ਸ ਗ ਮ ਪ ਧੁ ਨੀ ਸੰ

**ਅਵਰੋਹ :** ਸੰ ਨੀ ਧੁ ਪੁ ਮੇ ਪ ਧੁ ਨੀ, ਧਪ, ਮਪਗਮ ਰੇ ਸਾ।

**ਮੁਖ ਅੰਗ :** ਧੁ ਪ ਮੇ ਪ, ਧੁ ਨੀ ਧੁ ਪ, ਮ ਗ ਮ ਰੇ ਸਾ

## ਤਿੰਨ ਤਾਲ

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | — | ਨੀ | ਧੁ | ਪ | ਪ | — | ਗ | ਮ |
| | | | | | | | | — | ਰੇ | ਮ | ਨ | ਓ | ऽ | ਟ | ਲੇ |
| ਧ | — | ਧ | ਧ | ਮ | ਪ | ਪ | ਗ | — | ਗ | — | ਰੇ | ਗ: | — | ਮ | ਮ |
| ਹੁ | — | ਹ | ਰਿ | ਨਾ | ऽ | ਮਾ | ऽ | ऽ | ਜਾ | ऽ | ਕੈ | ਸਿਮ | ऽ | ਰ | ਨਿ |
| ਗ | ਗ | ਰੇ | ਰੇ | ਸ | — | ਸ | — | — | ਸ | ਗ | ਮ | ਪ | ਪ | ਪ | ਪ |
| ਦੁ | ਰ | ਮ | ਤਿ | ਨਾ | ऽ | ਸੈ | ऽ | ऽ | ਪਾ | ऽ | ਵਹਿ | ਪ | ਦ | ਨਿ | ਰ |
| ਮੇ | ਧ | ਧੁ | ਨੀ | ਧੁ | ਪ | ਗ | ਮ | | | | | | | | |
| ਬਾ | ऽ | ऽ | ऽ | ਣਾ | ऽ | ऽ | ऽ | | | | | | | | |

**ਅੰਤਰਾ :**

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | — | ਮ | ਮ | ਮ | ਨੀ | ਧੁ | ਨੀ | ਨੀ |
| | | | | | | | | ऽ | ਬ | ਡ | ਭਾ | ਗੀ | ऽ | ਤਿ | ਹ |
| ਸੰ | ਸੰ | ਸੰ | ਸੰ | ਰੇਂ | ਸੰ | ਸੰ | — | — | ਨੀ | ਨੀ | ਨੀ | ਸੰ | — | ਨੀ | ਸ |
| ਜ | ਨ | ਕਉ | — | ਜਾ | ऽ | ਨਉ | | — | ਜੋ | ਹ | ਰਿ | ਕੇ | ऽ | ਗੁ | ਣ |
| ਨੀਧ | — | — | ਧ | ਪ | — | — | — | ਮੇ | ਪ | ਧੁ | ਨੀ | ਧੁ | ਧੁ | ਪ | — |
| ਗਾऽ | ऽ | ऽ | ऽ | ਵੈ | ऽ | ऽ | ऽ | ਜ | ਨ | ਮ | ਜ | ਨ | ਮ | ਕੇ | ऽ |
| ਗ | ਗ | ਗ | ਮ | ਗ | ਰੇ | ਸ | — | — | ਸ | ਗ | ਮ | ਪ | — | ਪ | ਪ |
| ऽ | ਪਾ | ਪ | ਖੋ | ਇ | ऽ | ਕੈ | ऽ | ऽ | ਫੁ | ਨਿ | ਬੈ | ਕੁੰ | ऽ | ਠ | ਸਿ |
| ਮੇ | ਪ | ਧੁ | ਨੀ | ਧੁ | ਪ | ਗ | ਮ | | | | | | | | |
| ਧਾ | ऽ | ऽ | ऽ | ਵੈ | ऽ | ऽ | ऽ | | | | | | | | |

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਪ੍ਰਿੰਸੀਪਲ ਸਾਹਿਬ ਸਿੰਘ

## ਬਸੰਤ ਮਹਲਾ ੧

(ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ - ੧੧੯੦)

ਆਪੇ ਭਵਰਾ ਫੂਲ ਬੇਲਿ । ਆਪੇ ਸੰਗਤਿ ਮੀਤ ਮੇਲਿ ॥ ੧ ॥
ਐਸੀ ਭਵਰਾ ਬਾਸੁ ਲੇ ॥ ਤਰਵਰ ਫੂਲੇ ਬਨ ਹਰੇ ॥ ੧ ॥ ਰਹਾਉ ॥
ਆਪੇ ਕਵਲਾ ਕੰਤੁ ਆਪਿ ॥ ਆਪੇ ਰਾਵੇ ਸਬਦਿ ਥਾਪਿ ॥ ੨ ॥
ਆਪੇ ਬਛਰੂ ਗਊ ਖੀਰੁ ॥ ਆਪੇ ਮੰਦਰੁ ਥੰਮ੍ਹੁ ਸਰੀਰੁ ॥ ੩ ॥
ਆਪੇ ਕਰਣੀ ਕਰਣਹਾਰੁ ॥ ਆਪੇ ਗੁਰਮਖਿ ਕਰਿ ਬੀਚਾਰੁ ॥ ੪ ॥
ਤੂ ਕਰਿ ਕਰਿ ਦੇਖਹਿ ਕਰਣਹਾਰੁ ॥ ਜੋਤਿ ਜੀਅ ਅਸੰਖ ਦੇਇ ਅਧਾਰੁ ॥ ੫ ॥
ਤੂ ਸਰਿ ਸਾਗਰੁ ਗੁਣ ਗਹੀਰੁ ॥ ਤੂ ਅਕੁਲ ਨਿਰੰਜਨੁ ਪਰਮ ਹੀਰੁ ॥ ੬ ॥
ਤੂ ਆਪੇ ਕਰਤਾ ਕਰਣ ਜੋਗੁ ॥ ਨਿਹਕੇਵਲ ਰਾਜਨ ਸੁਖੀ ਲੋਗੁ ॥ ੭ ॥
ਨਾਨਕ ਧ੍ਰਾਪੇ ਹਰਿਨਾਮ ਸੁਆਦਿ ॥ ਬਿਨੁ ਹਰਿ ਗੁਰ ਪ੍ਰੀਤਮ ਜਨਮ ਬਾਦਿ ॥ ੮ ॥ ੧ ॥

ਅਰਥ : (ਗੁਰਮੁਖਿ) ਭੌਰਾ ਇਸ ਤਰ੍ਹਾਂ (ਪ੍ਰਭੂ ਦੇ ਨਾਮ ਦੀ) ਸੁਗੰਧੀ ਲੈਂਦਾ ਹੈ ਕਿ ਉਸ ਨੂੰ ਜੰਗਲ ਦੇ ਸਾਰੇ ਰੁੱਖ ਹਰੇ ਤੇ ਫੁਲਾਂ ਨਾਲ ਲੱਦੇ ਹੋਏ ਦਿੱਸਦੇ ਹਨ (ਗੁਰਮੁਖਿ ਨੂੰ ਸਾਰੀ ਸ੍ਰਿਸ਼ਟੀ ਵਿਚ ਹਰ ਥਾਂ ਪ੍ਰਭੂ ਦੀ ਹੀ ਜੋਤਿ ਰੁਮਕਦੀ ਦਿੱਸਦੀ ਹੈ) । ੧ । ਰਹਾਉ ।

(ਗੁਰਮੁਖਿ ਨੂੰ ਦਿੱਸਦਾ ਹੈ ਕਿ) ਪਰਮਾਤਮਾ ਆਪ ਹੀ (ਸੁਗੰਧੀ ਲੈਣ ਵਾਲਾ) ਭੌਰਾ ਹੈ, ਆਪ ਹੀ ਵੇਲ ਹੈ ਤੇ ਆਪ ਹੀ ਵੇਲਾਂ ਉਤੇ ਉੱਗੇ ਹੋਏ ਫੂਲ ਹੈ । ਆਪ ਹੀ (ਗੁਰਮੁਖਿ ਨੂੰ ਦਿਸਦਾ ਹੈ ਕਿ) ਪ੍ਰਭੂ ਆਪ ਹੀ ਲਛਮੀ (ਮਾਇਆ) ਹੈ ਤੇ ਆਪ ਹੀ ਲੱਛਮੀ ਦਾ ਪਤੀ ਹੈ, ਪ੍ਰਭੂ ਆਪ ਆਪਣੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਆਪ ਹੀ (ਦੁਨੀਆਂ ਦੇ ਪਦਾਰਥਾਂ ਨੂੰ) ਮਾਣ ਰਿਹਾ ਹੈ । ੨ ।

ਪ੍ਰਭੂ ਆਪ ਹੀ ਕਰਨ-ਜੋਗ ਕੰਮ ਹੈ, ਪ੍ਰਭੂ ਆਪ ਹੀ ਗੁਰੂ ਹੈ ਤੇ ਆਪ ਹੀ ਗੁਰੂ ਦੇ ਸਨਮੁਖ ਹੋ ਕੇ ਆਪਣੇ ਗੁਣਾਂ ਦੀ ਵਿਚਾਰ ਕਰਦਾ ਹੈ । ੪ ।

(ਗੁਰਮੁਖਿ ਪ੍ਰਭੂ-ਦਰ ਤੇ ਇਉਂ ਅਰਦਾਸ ਕਰਦਾ ਹੈ :) ਹੇ ਪ੍ਰਭੂ ! ਤੂੰ ਸਭ ਕੁਝ ਕਰਨ ਦੀ ਤਾਕਤ ਰੱਖਦਾ ਹੈਂ, ਤੂੰ ਜੀਵ ਪੈਦਾ ਕਰ ਕੇ ਤੇ ਬੇਅੰਤ ਜੀਵਾਂ ਨੂੰ ਆਪਣੀ ਜੋਤਿ ਦਾ ਸਹਾਰਾ ਦੇ ਕੇ ਆਪ ਹੀ ਸੰਭਾਲ ਕਰਦਾ ਹੈਂ । ੫ ।

ਹੇ ਪ੍ਰਭੂ ! ਤੂੰ ਗੁਣਾਂ ਦਾ ਸਰੋਵਰ ਹੈਂ, ਤੂੰ ਗੁਣਾਂ ਦਾ ਅਥਾਹ ਸਮੁੰਦਰ ਹੈਂ । ਤੇਰੀ ਕੋਈ ਖਾਸ ਕੁਲ ਨਹੀਂ, ਤੇਰੇ ਉਤੇ ਮਾਇਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ, ਤੂੰ ਸਭ ਤੋਂ ਸਰੇਸ਼ਟ ਹੀਰਾ ਹੈਂ । ੬ ।

(ਗੁਰਮੁਖਿ ਸਦਾ ਇਉਂ ਅਰਦਾਸ ਕਰਦਾ ਹੈ) ਹੇ ਰਾਜਨ ! ਤੂੰ ਆਪ ਹੀ ਸਾਰੇ ਜਗਤ ਦਾ ਪੈਦਾ ਕਰਨ ਵਾਲਾ ਹੈਂ, ਤੇ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈਂ ।

ਹੇ ਰਾਜਨ ! ਤੂੰ ਪਵਿਤ੍ਰ-ਸਰੂਪ ਹੈਂ, ਜਿਸ ਉਤੇ ਤੇਰੀ ਮੇਹਰ ਹੁੰਦੀ ਹੈ ਉਹ ਅਡੋਲ ਆਨੰਦ ਮਾਣਦਾ ਹੈ । ੭ ।

ਹੇ ਨਾਨਕ ! ਜੇਹੜਾ ਭੀ ਮਨੁਖ ਪਰਮਾਤਮਾ ਦੇ ਨਾਮ ਦੇ ਸੁਆਦ ਵਿਚ ਮਗਨ ਹੁੰਦਾ ਹੈ ਉਹ ਮਾਇਆ ਵਲੋਂ ਰੱਜ ਜਾਂਦਾ ਹੈ (ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ) ਪਰਮਾਤਮਾ ਤੋਂ ਬਿਨਾ ਪ੍ਰੀਤਮ ਗੁਰੂ ਦੀ ਸਰਨ ਤੋਂ ਬਿਨਾ ਮਨੁੱਖਾ ਜੀਵਨ ਵਿਅਰਥ ਚਲਾ ਜਾਂਦਾ ਹੈ । ੮ । ੭ ।

# ਰਾਮਕਲੀ ਮਹਲਾ ੯

ਰੇ ਮਨ ਓਟ ਲੇਹੁ ਹਰਿ ਨਾਮਾ ॥ ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦ ਨਿਰਬਾਨਾ ॥ ਰਹਾਉ ॥੧॥ ਬਡਭਾਗੀ ਤਿਹ ਜਨ ਕਉ ਜਾਨਉ, ਜੋ ਹਰਿ ਕੇ ਗੁਣ ਗਾਵੈ ॥ ਜਨਮ ਜਨਮ ਕੇ ਪਾਪ ਖੋਇ ਕੈ, ਫੁਨਿ ਬੈਕੁਠਿ ਸਿਧਾਵੈ ॥ ਅਜਾਮਲ ਕਉ ਅੰਤਿ ਕਾਲ ਮਹਿ, ਨਾਰਾਇਣ ਸੁਧਿ ਆਈ ॥ ਜਾਂ ਗਤਿ ਕਉ ਜੋਗੀਸੁਰ ਬਾਛਤ, ਸੋ ਗਤਿ ਛਿਨ ਮਹਿ ਪਾਈ ॥੨॥ ਨਾਹਿਨ ਗੁਨੁ ਨਾਹਿਨ ਕਛੁ ਬਿਦਿਆ, ਧਰਮ ਕਉਨੁ ਗਜਿ ਕੀਨਾ ॥ ਨਾਨਕ ਬਿਰਦੁ ਰਾਮ ਕਾ ਦੇਖੋ, ਅਭੈ ਦਾਨੁ ਤਿਹਿ ਦੀਨਾ ॥੩॥ ੧। (ਪੰਨਾ 902)

ਅਰਥ : ਹੇ (ਮੇਰੇ) ਮਨ ! ਪਰਮਾਤਮਾ ਦੇ ਨਾਮ ਦਾ ਆਸਰਾ ਲਿਆ ਕਰ, ਜਿਸ ਨਾਮ ਦੇ ਸਿਮਰਨ ਨਾਲ ਖੋਟੀ ਮਤਿ ਨਾਸ ਹੋ ਜਾਂਦੀ ਹੈ, (ਨਾਮ ਦੀ ਬਰਕਤਿ ਨਾਲ) ਉਹ ਆਤਮਕ ਦਰਜਾ ਹਾਸਲ ਕਰ ਲਏਂਗਾ ਜਿਥੇ ਕੋਈ ਵਾਸਨਾ ਪੋਹ ਨਹੀਂ ਸਕਦੀ । ੧ । ਰਹਾਉ ।

ਹੇ (ਮੇਰੇ) ਮਨ ! ਜਿਹੜਾ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ ਉਸ ਨੂੰ ਵਡੇ ਭਾਗਾਂ ਵਾਲਾ ਸਮਝ । ਉਹ ਮਨੁੱਖ ਅਨੇਕਾਂ ਜਨਮਾਂ ਦੇ ਪਾਪ ਦੂਰ ਕਰਕੇ ਫਿਰ ਬੈਕੁੰਠ ਵਿਚ ਜਾ ਪਹੁੰਚਦਾ ਹੈ ।੧।

(ਹੇ ਮੇਰੇ ਮਨ ! ਵੇਖ ਪੁਰਾਣੀ ਪ੍ਰਸਿੱਧ ਕਥਾ ਹੈ ਕਿ) ਅਖ਼ੀਰਲੇ ਵੇਲੇ (ਪਾਪੀ) ਅਜਾਮਲ ਨੂੰ ਪਰਮਾਤਮਾ ਦੇ ਨਾਮ ਦੀ ਸੂਝ ਆ ਗਈ, ਉਸ ਨੇ ਉਹ ਉੱਚੀ ਆਤਮਕ ਅਵਸਥਾ ਇਕ ਪਲਕ ਵਿਚ ਹਾਸਲ ਕਰ ਲਈ, ਜਿਸ ਆਤਮਕ ਅਵਸਥਾ ਨੂੰ ਵਡੇ ਵਡੇ ਜੋਗੀ ਤਾਂਘਦੇ ਰਹਿੰਦੇ ਹਨ । ੨ ।

ਹੇ ਨਾਨਕ ! (ਆਖ-ਹੇ ਮੇਰੇ ਮਨ ! ਗਜ ਦੀ ਕਥਾ ਭੀ ਸੁਣ । ਗਜ ਵਿਚ) ਨਾਂਹ ਕੋਈ ਗੁਣ ਸੀ, ਨਾਂਹ ਹੀ ਉਸ ਨੂੰ ਕੋਈ ਵਿਦਿਆ ਪ੍ਰਾਪਤ ਸੀ । (ਉਸ ਵਿਚਾਰੇ) ਗਜ ਨੇ ਕਿਹੜਾ ਧਾਰਮਿਕ ਕੰਮ ਕਰਨਾ ਸੀ ? ਪਰ ਵੇਖ ਪਰਮਾਤਮਾ ਦਾ ਮੁੱਢ-ਕਦੀਮਾਂ ਦਾ ਸੁਭਾਉ ਪਰਮਾਤਮਾ ਨੇ ਉਸ ਗਜ ਨੂੰ ਨਿਰਭੈਤਾ ਦੀ ਪਦਵੀ ਬਖ਼ਸ਼ ਦਿੱਤੀ । ੩ । ੧ ।

ਆਸਾ ਦੀ ਵਾਰ ਦ

# ਪਾਠ ਕਰਨ ਵਿਚ ਪਰਚਲਤ ਭੁੱਲਾਂ

ਪੁਰਾਤਨ ਗੁਰਸਿੱਖਾਂ ਦਾ ਗੁਰਬਾਣੀ ਨਾਲ ਬੜਾ ਪਿਆਰ ਹੁੰਦਾ ਸੀ। ਗੁਰਬਾਣੀ ਦੀਆਂ ਪੋਥੀਆਂ ਹੱਥੀਂ ਲਿਖਣੀਆਂ, ਗੁਰਬਾਣੀ ਦੇ ਪਾਠਾਂ ਦੀ ਸੁਧਾਈ ਕਰਦੇ ਰਹਿਣਾ ਉਨ੍ਹਾਂ ਦੇ ਜੀਵਨ ਦਾ ਮੁੱਖ-ਉਦੇਸ਼ ਹੁੰਦਾ ਸੀ। ਅੱਜ ਦੇ ਸਮੇਂ ਵਿਚ ਅਜਿਹੇ ਗੁਰਮੁਖ ਪਿਆਰੇ ਟਾਵੇਂ ਹੀ ਨਜ਼ਰੀਂ ਪੈਂਦੇ ਹਨ।

ਗੁਰਬਾਣੀ ਦੇ ਪਾਠਾਂ ਤੇ ਸ਼ਬਦ-ਜੋੜਾਂ ਵੱਲ ਜੇ ਗਹੁ ਨਾਲ ਨਾ ਵੇਖੀਏ ਤਾਂ ਅਨੇਕਾਂ ਭੁੱਲਾਂ ਹੋ ਜਾਂਦੀਆਂ ਹਨ। ਜਪੁਜੀ ਅਤੇ ਰਹਿਰਾਸ ਸਾਹਿਬ ਵਿਚ ਕੇਵਲ 'ਸੋਦਰ' ਦੀ ਪਉੜੀ ਵੱਲ ਹੀ ਧਿਆਨ ਮਾਰੀਏ ਤਾਂ ਦੋਹੀਂ ਥਾਈਂ ਇਕੋ ਹੀ ਪਉੜੀ ਵਿਚ ਪਾਠਾਂ ਦੇ 49 ਭੇਦ ਹਨ।

ਕੀਰਤਨੀ ਆਸਾ ਦੀ ਵਾਰ ਗੁਰਸਿਖਾਂ ਲਈ ਅੰਮ੍ਰਿਤ-ਬੂਟੀ ਹੈ, ਜਿਸ ਦੇ ਅੰਮ੍ਰਿਤ-ਰਸ ਨੂੰ ਗੁਰਸਿਖ ਨਿੱਤ ਭੁੰਚਦੇ ਹਨ। ਪਰ 'ਆਸਾ ਦੀ ਵਾਰ' ਅਤੇ ਛੱਕੇ-ਛੰਦਾਂ ਦੇ ਪਾਠਾਂ ਤੇ ਸ਼ਬਦ-ਜੋੜਾਂ ਵੱਲ ਪੂਰਾ ਧਿਆਨ ਨ ਦੇਣ ਕਰਕੇ ਅਸੀਂ ਕਈ ਭੁੱਲਾਂ ਕਰ ਜਾਂਦੇ ਹਾਂ, ਜੋ ਕਿ ਸਹਿਜੇ ਸਹਿਜੇ ਪਰਚਲਤ ਹੁੰਦੀਆਂ ਜਾਂਦੀਆਂ ਹਨ। ਉਹ ਗੁਰੂ ਕੇ ਕੀਰਤਨੀਏ ਤੇ ਗੁਰੂ ਕੇ ਲਾਲ ਧੰਨ ਹਨ, ਜੋ ਇਨ੍ਹਾਂ ਸੁਧਾਈਆਂ ਵੱਲ ਸਮੇਂ ਸਮੇਂ ਸਾਡਾ ਧਿਆਰ ਦਿਵਾਂਦੇ ਰਹਿੰਦੇ ਹਨ। ਅਜਿਹੀਆਂ ਕੁਝ ਕੁ ਸੁਧਾਈਆਂ ਹੇਠ ਦਿੱਤੀਆਂ ਜਾਂਦੀਆਂ ਹਨ।

ਸ਼ੁੱਧ ਸਰੂਪ ਰਤਾ ਮੋਟੇ ਅਤੇ ਪੁੱਠੇ ਕਾਮਿਆਂ ਵਿਚ ਦਿਤੇ ਗਏ ਹਨ ਤੇ ਪਰਚਲਤ ਹੋ ਰਹੇ ਅਸ਼ੁੱਧ ਰੂਪ ਬਰੈਕਟਾਂ ( ) ਵਿਚ ਦਿਤੇ ਹਨ। ਇਨ੍ਹਾਂ ਬਰੈਕਟਾਂ ਵਿਚਲੇ ਅਸ਼ੁੱਧ ਪਾਠਾਂ ਤੋਂ ਸਾਨੂੰ ਬਚਣ ਦਾ ਜਤਨ ਕਰਨਾ ਚਾਹੀਦਾ ਹੈ।

24 ਛੱਕਿਆਂ ਵਿਚੋਂ 21 ਛੱਕਿਆਂ ਦੀਆਂ ਚੌਥੀਆਂ ਤੁਕਾਂ ਦਾ ਅਰੰਭ 'ਜਨ ਨਾਨਕ' ਨਾਲ ਹੈ ਪਰ 16ਵੇਂ ਵਿਚ **'ਜਿਨਾ ਨਾਨਕ'**, 18ਵੇਂ ਵਿਚ **'ਜਿਨ ਨਾਨਕ'** ਅਤੇ 22ਵੇਂ ਵਿਚ **'ਜਿਨ੍ਹਾ ਨਾਨਕ'** ਕਰ ਕੇ ਹੈ। ਉਹ ਤੁਕਾਂ ਇਹ ਹਨ :

**'ਜਿਨਾ'** ਨਾਨਕ ਗੁਰਮੁਖ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥ ('ਜਨ' ਅਸ਼ੁੱਧ) —ਛੱਕਾ 16
**'ਜਿਨ'** ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥ ('ਜਨ' ਅਸ਼ੁੱਧ) —ਛੱਕਾ 18
**'ਜਿਨ੍ਹਾ'** ਨਾਨਕ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਇ ॥ ('ਜਨ' ਅਸ਼ੁੱਧ) —ਛੱਕਾ 22

ਇਸੇ ਤਰ੍ਹਾਂ 13ਵੇਂ, ਤੇ 17ਵੇਂ ਦੋਹਾਂ ਛੱਕਿਆਂ ਦੀਆਂ ਪਹਿਲੀਆਂ ਤੁਕਾਂ **'ਜਿਨ'** ਨਾਲ ਅਰੰਭ ਹੁੰਦੀਆਂ ਹਨ; ਪਰ 21ਵੇਂ ਅਤੇ 23ਵੇਂ ਦੋਹਾਂ ਛੱਕਿਆਂ ਦੀਆਂ "ਜਿਨ੍ਹਾ" ਨਾਲ ਅਰੰਭ।

**ਕੁਝ ਧਿਆਨ ਗੋਚ ਪਾਠ :**

ਓਥੈ 'ਸਚੇ' ਹੀ **ਸਚਿ** ਨਿਬੜੈ ਚੁਣ ਵਖਿ ਕਢੇ ਜਜਮਾਲਿਆ ॥ ('ਸਚੋ' ਹੀ ਸਚ ਅਸੁੱਧ —ਪਉੜੀ 2

ਗਿਆਨ ਨ '**ਗਲੀਈ**' ਢੂਢੀਐ ਕਥਨਾ ਕਰੜਾ ਸਾਰ ॥ ('ਗਲੀ' ਅਸੁੱਧ) —ਪਉੜੀ 4, ਸਲੋਕ ਨੰ: 1

ਘੜੀਆ ਸਭੇ ਗੋਪੀਆ '**ਪਹਰ**' ਕੰਨ ਗੋਪਾਲ ॥ ('ਪਹਰੇ' ਅਸੁੱਧ) —ਪਉੜੀ 5, ਸਲੋਕ ਨੰ: 2

ਜੋ ਆਇਆ ਸੋ ਚਲਸੀ ਸਭੁ '**ਕੋਈ**' ਆਈ ਵਾਰੀਐ ॥ ('ਕੋ' ਅਸੁੱਧ) —ਪਉੜੀ 20

ਨਾਨਕ ਸਾ '**ਕਰਮਾਤਿ**' ਸਾਹਿਬ ਤੁਠੈ ਜੋ ਮਿਲੈ ॥ ('ਕਰਾਮਾਤਿ' ਅਸੁੱਧ) —ਪਉੜੀ 23, ਸਲੋਕ ਨੰ: 1

ਸੋ ਕਰੇ '**ਜਿ**' ਤਿਸੈ ਰਜਾਇ ॥ ('ਜੋ' ਅਸੁੱਧ) —ਪਉੜੀ 24

ਖੇਤੈ ਅੰਦਰਿ ਛੁਟਿਆ ਕਹੁ ਨਾਨਕ '**ਸਉ**' ਨਾਹ ॥ ('ਸਹੁ' ਜਾਂ 'ਸਿਉ' ਅਸੁੱਧ) —ਪਉੜੀ 1 ਸਲੋਕ ਨੰ: 3

ਜਿਸ ਲਾਗੀ ਪੀਰ '**ਪਿਰਮ**' ਕੀ ਸੋ ਜਾਣੈ ਜਰੀਆ ॥ ('ਪ੍ਰੇਮ' ਅਸੁੱਧ) —ਛੱਕਾ ਦੂਜਾ

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ' **ਹਰਿਨਾਮੁ' ਹਰਿਨਾਮ**' ਤਰਾਵੈ ('ਹਰਿਨਾਮ' ਇਕ ਵਾਰ ਅਸੁੱਧ) 21ਵਾਂ ਛੱਕਾ

17ਵੇਂ ਛੱਕੇ ਵਿਚ ਅਤੇ ਦਸਵੀਂ ਪਉੜੀ ਦੇ ਦੂਜੇ ਸਲੋਕ ਵਿਚ ਪਾਠ 'ਨੂੰ' ਨਹੀਂ, ਸਗੋਂ 'ਨੋ' ਹੈ। ਇਸੇ ਤਰ੍ਹਾਂ 12ਵੇਂ ਛੱਕੇ ਵਿਚ ਅਤੇ 21ਵੀਂ ਪਉੜੀ ਦੇ ਪਹਿਲੇ ਸਲੋਕ ਵਿਚ '**ਕਾਂਢਿਆ**' ਤੇ '**ਕਾਂਢੀਐ**' ਦੋਹੀਂ ਥਾਈਂ ਕੰਨੇ ਨਾਲ ਬਿੰਦੀ ਹੈ, ਪਰ ਅਸੀਂ ਪਾਠ ਕਰਨ ਵੇਲੇ ਕਈ ਵਾਰ ਬਿੰਦੀ ਦਾ ਧਿਆਨ ਨਹੀਂ ਕਰਦੇ।

ਫਿਰ ਛੇਵੀਂ ਪਉੜੀ ਦੇ ਪਹਿਲੇ ਸਲੋਕ ਅਤੇ 15ਵੀਂ ਪਉੜੀ ਦੇ ਦੂਜੇ ਸਲੋਕ ਵਿਚ '**ਜ਼ਾਰਾ** ਤੇ '**ਜ਼ਾਰੀਆ**' ਪਾਠ ਹੈ, ਪਰ 'ਯਾਰਾ' ਤੇ 'ਯਾਰੀਆ' ਨਹੀ; ਸੋ ਇਹ ਪਾਠ ਅਸਾਂ ਜੱਜੇ ਨਾਲ ਕਰਨੇ ਹਨ।

**'ਬਿਹਾਰੀ' ਦੀ ਥਾਂ 'ਸਿਹਾਰੀ' ਦੀ ਅਸੁੱਧ ਵਰਤੋਂ :**

ਪੰਖੀ '**ਭਉਦੀਆ**' ਲੈਨਿ ਨ ਸਾਹ ॥ ('ਭਉਦਿਆਂ' ਅਸੁੱਧ) —ਪਉੜੀ 5, ਸਲੋਕ ਨੰ: 2

ਹਉ ਮੂਰਖ ਕਾਰੈ '**ਲਾਈਆ**' ਨਾਨਕ ਹਰਿ ਕੰਮੇ ॥ ('ਲਾਇਆ' ਅਸੁੱਧ) —ਛੱਕਾ 7ਵਾਂ

ਜਿਨਾ ਗੁਰਬਾਣੀ ਮਨਿ '**ਭਾਈਆ**' ਅੰਮ੍ਰਿਤਿ ਛਕਿ ਛਕੇ ॥ ('ਭਾਇਆ' ਅਸੁੱਧ) —ਛੱਕਾ 8ਵਾਂ

**'ਸਿਹਾਰੀ' ਤੇ ਦੁਲਾਵਾਂ' ਦੀ ਥਾਂ 'ਬਿਹਾਰੀ ਤੇ ਲਾਂ' ਦੀ ਅਸਧ ਵਰਤੋਂ :**

ਸਤਿਗੁਰਿ '**ਮਿਲਿਐ**' ਸਚੁ ਪਾਇਆ ਜਿਨੀ ਵਿਚਹੁ ਆਪ ਗਵਾਇਆ ॥ ('ਮਿਲੀਏ ਅਸੁੱਧ) —ਪਉੜੀ 4

'**ਪਇਐ**' ਕਿਰਤਿ ਨਚੈ ਸਭੁ ਕੋਇ ॥ ('ਪਈਏ' ਅਸੁੱਧ) —ਪਉੜੀ 5, ਸਲੋਕ ਨੰ: 2

ਨਾਉ ਤੇਰਾ ਨਿਰੰਕਾਰੁ ਹੈ '**ਨਾਇ**' '**ਲਇਐ**' ਨਰਕਿ ਨ ਜਾਈਐ ॥('ਨਾਉ' 'ਲਈਐ'ਅਸੁੱਧ)—ਪਉੜੀ 5

ਨਾਨਕ ਫਿਕੈ '**ਬੋਲਿਐ**' ਤਨੁ ਮਨੁ ਫਿਕਾ ਹੋਇ ॥ ('ਬੋਲੀਏ' ਅਸੁੱਧ) —ਪਉੜੀ 20, ਸਲੋਕ ਨੰ: 1

ਜਿਤੁ '**ਸਵਿਐ**' ਸੁਖੁ ਪਾਈਐ ਸੋ ਸਾਹਿਬ ਸਦਾ ਸਮਾਲੀਐ ॥ ('ਸੇਵੀਏ' ਅਸੁੱਧ) —ਪਉੜੀ 21

**ਇਸੇ ਤਰ੍ਹਾਂ ,ਸੀਸ ਨਿਵਾਇਐ', 'ਨਾਇ ਮੰਨਿਐ', ਨਾਮਿ ਲਇਐ'** ਆਦਿ ਵਿਚ ਸਿਹਾਰੀ ਤੇ ਦੁਲਾਵਾਂ ਹਨ, ਪਰ ਬਿਹਾਰੀ ਤੇ ਲਾਂ ਨਹੀਂ। ਕਈ ਥਾਂ 'ਭੀ' ਦੀ ਥਾਂ ਸਿਹਾਰੀ ਨਾਲ 'ਭਿ' ਪਾਠ ਹੈ, ਪਰ ਅਸੀਂ ਭੁਲੇਖੇ ਵਿਚ 'ਭੀ' ਅਸੁੱਧ ਪਾਠ ਕਰੀ ਜਾਂਦੇ ਹਾਂ।

ਕਈ ਥਾਈਂ ਦੁਲੈਂਕੜ ਹੁੰਦਾ ਹੈ, ਪਰ ਅਸੀਂ ਉਥੇ ਔਂਕੜ ਪੜ੍ਹ ਜਾਂਦੇ ਹਾਂ; ਜਿਵੇਂ-'ਊਪਜੈ' ਦੀ ਥਾਂ 'ਉਪਜੈ', 'ਊਚਰਹਿ' ਦੀ ਥਾਂ 'ਉਚਰਹਿ' ਅਤੇ 'ਸੂਚੇ ਏਹਿ ਨ' ਦੀ ਥਾਂ 'ਸੁਚੇ ਏਹਿ ਨ' ਆਦਿ।

**ਰਲਦੇ ਮਿਲਦੇ ਭੁਲਖੇ-**

ਗੁਰਮੁਖਿ ਰੰਗਿ ਚਲੂਲਿਆ ਮੇਰਾ '**ਮਨੁ ਤਨੁ**' ਭਿੰਨਾ ॥) ਛੱਕਾ ਪਹਿਲਾ

ਹਰਿ ਹਰਿ ਹੀਰਾ ਰਤਨੁ ਹੈ ਮੇਰਾ '**ਮਨੁ ਤਨ**' ਵਿਧਾ ॥) ਛੱਕਾ ਪੰਜਵਾਂ

ਹਰਿਨਾਮੁ ਸਲਾਹਹ '**ਦਿਨੁ ਰਾਤ**' ਏਹਾ ਆਸ ਅਧਾਰੋ ॥) ਛੱਕਾ 11ਵਾਂ

ਹਮਿ ਭੂਲਿ ਵਿਗਾੜਹ '**ਦਿਨਸੁ ਰਾਤਿ**' ਹਰਿ ਲਾਜ ਰਖਾਏ ॥) ਛੱਕਾ 12ਵਾਂ

ਪਉੜੀ 8 ਦੇ ਦੂਜੇ ਸਲੋਕ ਵਿਚ '**ਬਸਤ੍ਰ ਨ ਪਹਿਰੈ**' ਹੈ, ਪਰ ਪਉੜੀ 16 ਦੇ ਦੂਜੇ ਸਲੋਕ ਵਿਚ '**ਨੀਲ ਵਸਤ੍ਰ ਪਹਿਰਿ**' ਹੈ; ਇਕ ਥਾਈਂ 'ਬਸਤ੍ਰ' ਤੇ ਦੂਜੀ ਥਾਈਂ 'ਵਸਤ੍ਰ' ਹੈ ।

16ਵੇਂ ਛੱਕੇ ਦੇ ਚੌਥੀ ਤੁਕ ਹੈ—'**ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ।**' ਪਰ ਅਸੀਂ ਇਸ ਤੁਕ ਵਿਚ 'ਤਿਨੁ ਹਰਿ ਰਖਣਹਾਰਾ' ਪੜ੍ਹ ਜਾਂਦੇ ਹਾਂ । ਇਸ ਤਰ੍ਹਾਂ 'ਤਿਨੁ' ਕੋਲੋਂ ਹੀ ਵਾਧੂ ਵਧਾ ਲੈਂਦੇ ਹਾਂ ।

'ਦੁਲਾਵਾਂ' ਦੀ ਥਾਂ 'ਲਾਂ' ਪੜ੍ਹਨ ਦੀ ਭੁਲ ਤਾਂ ਅਸੀਂ ਆਮ ਕਰਦੇ ਹਾਂ । ਜਿਵੇਂ '**ਸਭ ਤੈ ਸੂਤਕ**' ਦੀ ਥਾਂ 'ਸਭ ਤੇ ਸੂਤਕ', '**ਸਚੈ ਸਭਿ ਤਾਣਿ ਸਚੈ ਸਭਿ ਜੋਰਿ**' ਦੀ ਥਾਂ 'ਸਚੇ ਸਭਿ ਤਾਣਿ ਸਚੇ ਸਭਿ ਜੋਰਿ' '**ਕੋ ਰਹੈ ਨ ਭਰੀਐ ਪਾਈਐ,** ਦੀ ਥਾਂ 'ਕੋ ਰਹੇ ਨ ਭਰੀਏ ਪਾਈਏ' ਆਦਿਕ । ਇਸ ਤਰ੍ਹਾਂ ਭੁਲੇਖਾ ਲੱਗਣ ਵਾਲੇ ਦੁਲਾਵਾਂ ਦੇ ਅੱਖਰ ਆਸਾ ਦੀ ਵਾਰ ਵਿਚ ਸਾਢੇ ਤਿੰਨ ਸੌ ਦੇ ਕਰੀਬ ਵਰਤੇ ਗਏ ਹਨ, ਜੋ ਧਿਆਨ ਯੋਗ ਹਨ । ਨਮੂਨੇ ਮਾਤਰ ਕੁਝ ਸ਼ਬਦ ਹੇਠਾਂ ਦਿਤੇ ਜਾਂਦੇ ਹਨ:-

ਆਪਣੈ, ਖੇਤੈ, ਆਪੀਨੈ, ਸਾਜੀਐ, ਸਭਸੈ, ਜਾਣੈ, ਹਸੈ, ਰੋਵੈ, ਆਖੀਐ, ਸੁਣੀਐ,
ਜਾਈਐ, ਆਈਐ, ਘਾਲੀਐ, ਨਿਹਾਲੀਐ, ਉਪਾਇ ਕੈ, ਹੋਇ ਕੈ, ਆਦਿ ।

ਕਈ ਵਾਰ ਅਸੀਂ ਇਕ 'ਲਾਂ' ਦੀ ਥਾਂ 'ਦੁਲਾਵਾਂ' ਬੋਲ ਜਾਂਦੇ ਹਾਂ । ਜਿਵੇਂ '**ਸਚੇ**' ਤੇਰੇ ਖੰਡ '**ਸਚੇ**' ਬ੍ਰਹਮੰਡ' ਦਰਿ ਸੋਹਨਿ ਕੀਰਤਿ '**ਗਾਵਦੇ**', ਦਰਿ ਢੋਅ ਨ ਲਹਨ੍ਹੀ '**ਧਾਵਦੇ**' ਅਣਹੋਂਦਾ ਆਪੁ '**ਗਣਾਇਦੇ**' ਆਦਿ ਵਿਚ ਪੁੱਠੇ ਕਾਮਿਆਂ ਵਾਲੇ ਸ਼ਬਦਾਂ ਦਾ 'ਇਕ ਲਾਂ' ਨਾਲ ਸ਼ੁੱਧ ਪਾਠ ਹੈ ।

ਆਸਾ ਦੀ ਵਾਰ ਦੇ ਆਰੰਭ ਵਿਚ ਹੈ—

'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ, '**ਟੁੰਡੇ ਅਸਰਾਜੇ ਕੀ ਧੁਨੀ**' ॥

ਅਸੀਂ ਇਸ ਦਾ ਬਿਸ੍ਰਾਮ ਕਈ ਵਾਰ ਅਗੇ ਪਿਛੇ ਕਰ ਕੇ ਐਉਂ ਉਚਾਰਨ ਕਰ ਜਾਂਦੇ ਹਾਂ—

ਸਲੋਕ ਭੀ ਮਹਲੇ ਪਹਿਲੇ ਕੇ, ਲਿਖੇ '**ਟੁੰਡੇ ਅਸਰਾਜੇ ਕੀ ਧੁਨੀ**' ॥

ਪਰ ਇਹ ਅਸ਼ੁੱਧ ਹੈ, ਕਿਉਂਕਿ 'ਲਿਖੇ' ਸ਼ਬਦ ਦਾ ਸਬੰਧ 'ਟੁੰਡੇ ਅਸਰਾਜੇ ਕੀ ਧੁਨੀ' ਨਾਲ ਨਹੀਂ, ਸਗੋਂ 'ਮਹਲੇ ਪਹਿਲੇ ਕੇ ਸਲੋਕ' ਨਾਲ ਹੈ ।

ਕੇਵਲ 'ਆਸਾ ਦੀ ਵਾਰ' ਵਿਚ ਹੀ ਨਹੀਂ, ਸਮੁੱਚੀ ਗੁਰਬਾਣੀ ਦੇ ਪਾਠ ਤੇ ਕੀਰਤਨ ਵੇਲੇ, ਇਸ ਤਰ੍ਹਾਂ ਦੇ ਕਈ ਅਸ਼ੁੱਧ ਪਾਠ ਸਾਡੇ ਕੰਠ ਹੋ ਰਹੇ ਹਨ, ਜਿਨ੍ਹਾਂ ਤੋਂ ਬਚਣ ਲਈ ਗੁਰਸਿਖ ਪਿਆਰਿਆਂ ਪਾਸ ਜੋਦੜੀ ਹੈ ਕਿ ਉਹ ਸਮੇਂ ਸਮੇਂ ਅਜਿਹੀਆਂ ਸੁਧਾਈਆਂ ਭਜਦੇ ਰਹਿਣ, ਜਿਨ੍ਹਾਂ ਤੋਂ ਅਸੀਂ ਬਚ ਸਕੀਏ । (ਪੰਚ ਸ਼ਬਦੀ ਕੀਰਤਨੀ ਆਸ਼ਾ ਦੀ ਵਾਰ (ਸਿੰਘ ਬ੍ਰਦਰਜ਼) ਵਿਚੋਂ ਧੰਨਵਾਦ ਸਹਿਤ ।)

### ਜਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ—4

# ਗਿਆਨੀ ਈਸ਼ਰ ਸਿੰਘ ਬਖਸ਼

**ਜਸਬੀਰ ਸਿੰਘ ਸਰਨਾ**

ਗਿਆਨੀ ਈਸ਼ਰ ਸਿੰਘ ਦਾ ਜਨਮ ਪਿੰਡ ਖਾਦਨਿਆਰ (ਬਾਰਾਮੂਲਾ) ਕਸ਼ਮੀਰ ਵਿਖੇ 25 ਅਕਤੂਬਰ 1917 ਨੂੰ ਸ੍ਰ: ਰੰਗੀਲ ਸਿੰਘ ਕਾਲਾ ਦੇ ਘਰ ਮਾਤਾ ਧਰਮ ਕੌਰ ਦੀ ਕੁਖੋਂ ਹੋਇਆ। ਆਪ ਜੀ ਦੇ ਪਿਤਾ ਗੁਰਸਿੱਖੀ ਵਿਚ ਲੀਨ ਅਤੇ ਨਿੱਤਨੇਮ ਨਾਲ ਸਰਸ਼ਾਰ ਸਨ। ਮਾਤਾ ਧਰਮ ਕੌਰ ਦੇ ਭਤੀਜੇ ਭਾਈ ਰਣਜੀਤ ਸਿੰਘ ਜੀ ਪ੍ਰਸਿੱਧ ਕੀਰਤਨੀਏ ਤੇ ਪ੍ਰਚਾਰਕ ਸਨ ਜਿਨ੍ਹਾਂ ਦਾ ਹਾਲ ਤੀਜੀ ਕਿਸ਼ਤ ਵਿਚ ਆ ਚੁੱਕਾ ਹੈ।

ਗਿ: ਈਸ਼ਰ ਸਿੰਘ ਬਖਸ਼ ਨੂੰ ਮੁਢ ਤੋਂ ਹੀ ਕੀਰਤਨ ਵਲ ਰੁਚੀ ਸੀ ਜਿਸ ਕਾਰਨ ਇਹ ਆਪਣੇ ਨਾਨਕੇ ਪਿੰਡ ਸਿੰਘਪੁਰਾ (ਕਸ਼ਮੀਰ) ਆਪਣੇ ਮਿੱਤਰਾਂ ਸ੍ਰ: ਗੁਰਬਖਸ਼ ਸਿੰਘ ਅਤੇ ਸ੍ਰ: ਸਾਧੂ ਸਿੰਘ ਮੋਝੀ ਨਾਲ ਵਕਤਲ-ਫੂ-ਕਤਨ ਮਾਮੇ ਦੇ ਪੁਤ ਭਰਾਵਾਂ ਦੇ ਸਾਜ਼ਾਂ ਨੂੰ ਚੁਪ ਚੁਪੀਤੇ ਵਜਾਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ। ਮੁੱਢਲੀ ਵਿਦਿਆ ਮਿੱਡਲ ਪਾਸ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਬੋਰਡਿੰਗ, ਬਾਰਾਮੂਲਾ ਵਿੱਚ ਰਹਿ ਕੇ ਸ਼ਬਦ ਕੀਰਤਨ ਦਾ ਅਭਿਆਸ ਕੀਤਾ। ਸ੍ਰ: ਦੀਵਾਨ ਸਿੰਘ (ਸ੍ਰ: ਜੈਮਲ ਸਿੰਘ ਗੋਹਨ ਦੇ ਜ਼ਵਾਈ ਜੋ ਕੁਝ ਵਰ੍ਹੇ ਪਹਿਲਾਂ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ ਸਨ) ਅਤੇ ਸ੍ਰ: ਹਰਬੰਸ ਸਿੰਘ ਅਟਾਰੀ ਦੀ ਸ਼ਾਗਿਰਦੀ ਹਾਸਲ ਕਰ 'ਵਾਜੇ ਦੀ ਪ੍ਰੈਕਟਸ' ਲਈ। ਇਨ੍ਹਾਂ ਸਮਿਆਂ ਵਿੱਚ ਹੀ ਬਖਸ਼ ਜੀ ਦਾ ਤਬਾਦਲਾ ਛੰਨਾ ਕਚੀਲੀ ਮੁਜ਼ਫਰਾਬਾਦ ਹੋ ਗਿਆ। ਇਥੇ ਸੰਤ ਗੁਰਬਖਸ਼ ਸਿੰਘ ਛੰਨਾ ਦੀ ਸੰਗਤ ਦੁਆਰਾ ਗੁਰਬਾਣੀ ਅਤੇ ਗੱਤਕਾ ਸ਼ਸਤ੍ਰ ਵਿਦਿਆ ਦਾ ਅਭਿਆਸ ਕੀਤਾ। ਇਥੇ ਬਖਸ਼ ਜੀ ਸਤ ਮਹੀਨੇ ਗੁਜ਼ਾਰ ਕੇ ਅੰਮ੍ਰਿਤਸਰ ਚਲੇ ਗਏ ਜਿਥੇ ਪੰਜਾਬ ਗਿਆਨੀ ਕਾਲਜ ਵਿੱਚ ਦਾਖਲ ਹੋ ਗਏ। 1936 ਵਿਚ ਗਿਆਨੀ ਪਾਸ ਕੀਤੀ। ਇਥੇ ਨੇੜੇ ਪਿੰਡ ਕਥੂਨੰਗਲ ਗੁਰਦੁਆਰਾ ਸਾਹਿਬ ਵਿਚ ਸੇਵਾ ਵੀ ਕਰਨ ਲਗੇ। ਕਥੂਨੰਗਲ ਰਹਿ ਕੇ ਗਿ: ਜੀ ਨੇ ਭਾਈ ਬੇਲਾ ਸਿੰਘ ਸੇਵਾ ਸਿੰਘ (ਰਾਮ ਗੜ੍ਹੀਏ) ਦੋਵਾਂ ਭਰਾਵਾਂ ਦੇ ਰਾਗੀ ਜਥੇ ਪਾਸੋਂ ਕੀਰਤਨ ਦੀ ਅਹਿਮ ਸਿਖਲਾਈ ਵਿਚ ਮੰਜ਼ਲਾਂ ਮਾਰੀਆਂ। ਹਾਲਤਾਂ ਮੁਤਾਬਕ ਗਿਆਨੀ ਜੀ ਕਸ਼ਮੀਰ ਆ ਗਏ ਅਤੇ ਸਰਕਾਰੀ ਨੌਕਰੀ ਪੰਜਾਬੀ ਟੀਚਰ ਖਾਸੀਪੁਰਾ (ਤਰਾਲ) ਲਗ ਗਏ। ਇਸ ਸਮੇਂ ਗਿਆਨੀ ਜੀ ਨੇ ਆਸ ਪਾਸ ਦੇ ਪਿੰਡਾਂ ਦੇ ਸਿਖ ਬਚਿਆਂ ਨੂੰ ਕੀਰਤਨ ਦੀ ਦਾਤ ਬਖਸ਼ੀ! ਬਾਅਦ ਵਿਚ ਆਪ ਜੀ ਦੀ ਤਬਦੀਲੀ ਬਡਗਾਮ ਅਤਨਾ ਹੋਈ।

1942 ਵਿਚ ਇਨ੍ਹਾਂ ਦਾ ਆਨੰਦ ਕਾਰਜ ਸ਼ਾਂਤ ਕੌਰ (ਸਪੁਤ੍ਰੀ ਸ੍ਰ. ਭਾਗ ਸਿੰਘ ਬਾਲੀ) ਪਿੰਡ ਗੋਹਨ ਵਿਖੇ ਹੋਇਆ। ਗਿਆਨੀ ਕਰਤਾਰ ਸਿੰਘ ਕੋਮਲ ਨੇ ਅਨੰਦ-ਕਾਰਜ ਦੀ ਰਸਮ ਅਦਾ ਕੀਤੀ! **'ਕਲਗੀਧਰ ਭੁਝੰਗੀ ਜਥਾ'** ਬਖਸ਼ ਜੀ ਦੁਆਰਾ ਹੋਂਦ ਵਿਚ ਆਇਆ! ਗਿ: ਸੰਤ ਸਿੰਘ ਭਟਪੁਰੀ ਤਬਲੇ ਦੀ ਸੇਵਾ ਕਰਦੇ ਰਹਿੰਦੇ ਸਨ!

ਸਤਰਨਾ ਖਾਲਸਾ ਮਿਡਲ ਸਕੂਲ ਨੂੰ ਮਾਲੀ ਸਹਾਇਤਾ ਲਈ ਮਾਸਟਰ ਬਲਵੰਤ ਸਿੰਘ, ਹੈਡਮਾਸਟਰ ਕ੍ਰਿਪਾਲ ਸਿੰਘ ਭਟਪੁਰੀ, ਮਾਸਟਰ ਤੀਰਥ ਸਿੰਘ ਆਦਿ ਸਿੰਘਾਂ ਦੇ ਸਹਿਯੋਗ ਨਾਲ ਡਰਾਮਾ ਕਲਬ ਬਣਾਇਆ ਜਿਸ ਦੀ ਆਮਦਨ ਨਾਲ ਸਕੂਲ ਦੀ ਕਾਫੀ ਮਦਦ ਹੁੰਦੀ ਸੀ! ਫਿਰ ਕਾਫੀ ਸਮੇਂ ਬਖਸ਼ ਜੀ ਸੁਝਵਾਂ (ਸਾਂਬਾ, ਜੰਮੂ) ਆ ਗਏ ਅਤੇ ਗਿ: ਸੰਤ ਸਿੰਘ ਭਟਪੁਰੀ ਨਾਲ ਮਿਲ ਕੇ ਇਥੇ ਕੀਰਤਨ ਅਤੇ ਗੁਰਮਤਿ ਪ੍ਰਚਾਰ ਕਰ ਕੇ ਪਿੰਡ ਟਾਂਡਾ ਕੋਲਪੁਰ, ਬੁਰਜ, ਰਾਮਗੜ੍ਹ, ਕੋਟਲੀ, ਦਬਲੇਹਰ, ਰੇਕਾਬੁਰਜ, ਨਵਾਂ ਸ਼ਹਿਰ ਕੋਟਲੀ ਅਰਜਨ ਸਿੰਘ, ਕੀਰ ਆਦਿ ਵਿਚ ਖੂਬ ਪ੍ਰਚਾਰ ਕੀਤਾ। ਗਿ: ਸੰਤ ਸਿੰਘ ਭਟਪੁਰੀ ਨਾਲ ਮਿਲ ਕੇ ਦੋਵਾਂ ਨੇ ਗੁਰਦੁਆਰਾ ਟਾਂਡਾ ਅਤੇ ਗੁਰਦੁਆਰਾ ਬੁਰਜ ਦਾ ਨੀਂਹ ਪੱਥਰ ਰਖਿਆ। ਇਨ੍ਹਾਂ ਸਤਰਾਂ ਦੇ ਲਿਖਾਰੀ ਦਾ ਜਨਮ ਵੀ ਟਾਂਡਾ ਵਿਖੇ ਹੋਇਆ)

ਗਿ: ਬਖਸ਼ ਜੀ ਅਤੇ ਭਟਪੁਰੀ ਜੀ ਨੇ ਥਾਂ ਥਾਂ ਜਾ ਕੇ ਕੀਰਤਨ ਅਤੇ ਪ੍ਰਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਖਾਸਕਰ ਫਸਟ ਪਟਿਆਲਾ, ਇਕ ਯਾਰਾਂ, ਤਿੰਨ ਸਿਖ, 2 ਐਲ. ਆਈ. ਪਲਟਨਾਂ ਤੋਂ ਇਲਾਵਾ ਅਲਵਰ, ਪਠਾਨਕੋਟ, ਯੋਲ ਕੈਂਪ ਮੁਜ਼ਫਰਾਬਾਦ, ਬਾਲਾ ਕੋਟ (ਹਿਸਾਰ) ਐਬਟਾਬਾਦ, ਨਵਾਂ ਸ਼ਹਿਰ, ਤਰਾਲ, ਬਡਗਾਮ, ਸ਼ਾਹ ਜੀ ਮਾਰਗ, ਉੜੀ, ਪਰਮਸੀਲਾਂ, ਕਠੂਆ, ਪੁਣਛ, ਛੰਭਜੋੜੀਆਂ, ਧਰਮਸ਼ਾਲਾ, ਕਾਂਗੜਾ ਆਦਿ।

ਬਾਕੀ ਦੇਖੋ ਸਫਾ 24

# ਕੀਰਤਨ-ਸਮਾਚਾਰ

**ਨਵੀਂ ਦਿਲੀ:**-ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਗਰਦਆਰਾ ਰਕਾਬ ਗੰਜ ਸਾਹਿਬ ਵਿਚ ਵਿਸ਼ਸ਼ ਦੀਵਾਨ ਸਜਾਏ ਗਏ। ਇਹਨਾਂ ਦੀਵਾਨਾਂ ਵਿਚ ਪ੍ਰੋ. ਦਵਿੰਦਰ ਸਿੰਘ, ਭਾਈ ਅਵਤਾਰ ਸਿੰਘ ਹੁਸ਼ਿਆਰਪੁਰੀ, ਡਾਕਟਰ ਜਾਗੀਰ ਸਿੰਘ ਚੰਡੀਗੜ੍ਹ, ਭਾਈ ਗੁਰਚਰਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਹਰਜੀਤ ਸਿੰਘ ਗੁਰਦੀਪ ਸਿੰਘ, ਭਾਈ ਤਰਲੋਚਨ ਸਿੰਘ, ਭਾਈ ਗੁਰਮੁਖ ਸਿੰਘ, ਭਾਈ ਅਵਤਾਰ ਸਿੰਘ, ਭਾਈ ਲਾਲ ਸਿੰਘ ਮੋਰਠ, ਭਾਈ ਦੀਦਾਰ ਸਿੰਘ, ਭਾਈ ਮਲਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਬੀਬੀ ਜਸਵਿੰਦਰ ਕੌਰ, ਸ੍ਰ. ਅਜੀਤ ਸਿੰਘ, ਭਾਈ ਬਲਬੀਰ ਸਿੰਘ ਆਦਿ ਰਾਗੀ ਜਥਿਆਂ ਨੇ ਕੀਰਤਨ ਕੀਤਾ।

**ਮਲੋਟ:**-ਗੁਰਦਵਾਰਾ ਖਾਲਸਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਨੂੰ ਮਿਤੀ 7-11-95 ਸ੍ਰੀ ਗੁਰੂ ਤੇਗ ਬਹਾਦਰ ਸੁਖਮਨੀ ਸੁਸਾਇਟੀ ਵਲੋਂ ਮਿਤੀ 27-11-95 ਨੂੰ ਗੁਰਦੁਆਰਾ ਭਾਈ ਜਗਤ ਜੀ ਵਿਖੇ ਅਤੇ ਗੁਰਦੁਆਰਾ ਬਾਬਾ ਨਾਮਦੇਵ ਜੀ ਵਿਖ ਵਖ-ਵਖ ਦੀਵਾਨ ਸਜੇ। ਇਨ੍ਹਾਂ ਦੀਵਾਨਾਂ ਵਿਚ ਭਾਈ ਮੋਹਕਮ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਜਗਤ ਸਿੰਘ ਤਲਵੰਡੀ ਸਾਬੋ, ਪ੍ਰੋ. ਐਮ. ਐਸ. ਮਸਤਾਨਾ ਮਲੋਟ, ਢਾਡੀ ਤੇਜਾ ਸਿੰਘ ਤੂਫਾਨ, ਪ੍ਰੋ. ਹਰਭਜਨ ਸਿੰਘ, ਸੰਤ ਭਾਈ ਧਰਮ ਸਿੰਘ,ਕਾਕਾ ਸਤਿੰਦਰਪਾਲ ਸਿੰਘ, ਬੀਬੀ ਅਮਰਜੋਤ ਕੌਰ ਖੁਰਾਨਾ, ਭਾਈ ਗੁਰਮੁਖ ਸਿੰਘ, ਚਮਕੌਰ ਸਿੰਘ ਆਦਿ ਰਾਗੀ ਜਥਿਆਂ ਅਤੇ ਅਕਾਲ ਅਕੈਡਮੀ ਦੀਆਂ ਬੀਬੀਆਂ ਦੇ ਢਾਡੀ ਜਥੇ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

**ਚੰਡੀਗੜ੍ਹ:**-ਪਿਛਲੇ ਦਿਨੀ ਚੰਡੀਗੜ੍ਹ ਵਿਖੇ ਬੈਂਕ ਆਫ ਪੰਜਾਬ ਵਲੋਂ ਗੁਰਦਵਾਰਾ ਸਾਹਿਬ ਸੈਕਟਰ 34 ਵਿਖੇ ਕੀਰਤਨ ਕੀਤਾ ਗਿਆ ਇਸ ਵਿਚ ਸੰਤ ਨਿਰੰਜਨ ਸਿੰਘ ਜਵਦੀ, ਭਾਈ ਅਮਰੀਕ ਸਿੰਘ ਜ਼ਖਮੀ ਭਾਈ ਮਨਿੰਦਰ ਸਿੰਘ ਹਜ਼ੂਰੀ ਰਾਗੀ ਅਤੇ ਡਾਕਟਰ ਜਾਗੀਰ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ।

ਸੈਕਟਰ 38 ਮਾਰਕੀਟ ਦੀ ਕੀਰਤਨ ਸੁਸਾਇਟੀ ਵਲੋਂ ਕੀਰਤਨ ਦਰਬਾਰ ਕੀਤਾ ਗਿਆ। ਇਸ ਵਿਚ ਭਾਈ ਰਾਜਿੰਦਰ ਸਿੰਘ ਬਨਾਰਸ, ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣਾ, ਸੰਤ ਨਿਰੰਜਨ ਸਿੰਘ ਜਵਦੀ ਅਤੇ ਡਾ. ਜਾਗੀਰ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ।

ਪੰਜਾਬ ਸਿੰਧ ਬੈਂਕ ਵਲੋਂ ਸੈਕਟਰ 17 ਵਿਖੇ ਕੀਰਤਨ ਦਰਬਾਰ ਕੀਤਾ ਗਿਆ ਇਸ ਵਿਚ ਪ੍ਰੋ. ਦਰਸ਼ਨ ਜੀ, ਸੰਤ ਨਿਰੰਜਨ ਸਿੰਘ ਜਵਦੀ, ਭਾਈ ਕਿਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਡਾ. ਜਾਗੀਰ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ।

**ਸਾਹਿਬਜ਼ਾਦਾ ਅਜੀਤ ਸਿੰਘ ਨਗਰ :** ਪੰਜਾਬ ਸਕੂਲ ਸਿਖਿਆ ਬੋਰਡ ਦੀ ਗੁਰਮਤ ਵਿਚਾਰ ਸਭਾ ਅਤੇ ਸਮੂਹ ਅਧਿਕਾਰੀਆਂ ਕਰਮਚਾਰੀਆਂ ਵਲੋਂ ਮਿਤੀ 8 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਸਮਾਗਮ ਵਿਚ ਭਾਈ ਸੁਰਿੰਦਰ ਸਿੰਘ ਜੋਧਪੁਰੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਡਾ. ਜਾਗੀਰ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਕੀਤਾ। ਭਾਈ ਗੁਰਬਖਸ਼ ਸਿੰਘ ਅਲਬੇਲਾ ਨੇ ਢਾਡੀ ਵਾਰਾਂ ਸੁਣਾਈਆਂ। ਪ੍ਰੋ. ਹਰਨਰਿੰਦਰ ਸਿੰਘ ਚੇਅਰਮੈਨ ਅਤੇ ਬੀਬੀ ਕੁਲਵੰਤ ਕੌਰ ਜੀ ਨੇ ਗੁਰਮਤ ਲੈਕਚਰ ਦਿਤੇ।

**ਹਿਸਾਰ :** ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਿਸਾਰ ਵਲੋਂ ਮਿਤੀ 7 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ। ਇਸ ਵਿਚ ਡਾਕਟਰ ਜਾਗੀਰ ਸਿੰਘ ਚੰਡੀਗੜ੍ਹ, ਭਾਈ ਦਰਸ਼ਨ ਸਿੰਘ, ਭਾਈ ਗੁਰਦੇਵ ਸਿੰਘ ਅਤੇ ਗੁਰੂ ਨਾਨਕ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਕੀਰਤਨ ਕੀਤਾ।

# ਡਾ: ਜਾਗੀਰ ਸਿੰਘ ਜੀ ਦਾ ਕੀਰਤਨ ਪ੍ਰੋਗਰਾਮ

**5 ਫਰਵਰੀ**

10 30 ਤੋਂ 11 – 30 ਦਿਨੇ ਕੋਠੀ ਨੰ: 21 ਸੈਕਟਰ 7 ਚੰਡੀਗੜ੍ਹ

**6 ਫਰਵਰੀ**

3 - 30 ਤੋਂ 4 — 30 ਬਾਅਦ ਦੁਪਹਿਰ 1381 ਸੈਕਟਰ 33 ਸੀ ਚੰਡੀਗੜ੍ਹ

**9 ਫਰਵਰੀ**

11 ਤੋਂ 12 ਦਿਨੇ 121 ਸੈਕਟਰ 9 ਬੀ ਚੰਡੀਗੜ੍ਹ

**11 ਫਰਵਰੀ**

11 ਤੋਂ 12 ਵਜੇ ਦਿਨੇ ਕੋਠੀ ਨੰ: 1181 ਸੈਕਟਰ 8 ਚੰਡੀਗੜ੍ਹ

**17 ਫਰਵਰੀ ਸ਼ਾਮ ਅਤੇ 18 ਫਰਵਰੀ ਸਵੇਰੇ**

ਗੁਰਦੁਆਰਾ ਡੋਗਰਾ ਮੁਹੱਲਾ ਹਿਸਾਰ

**25 ਫਰਵਰੀ**

11 ਤੋਂ 12 ਵਜੇ ਦਿਨੇ 1032 ਸੈਕਟਰ 15 ਬੀ ਚੰਡੀਗੜ੍ਹ

**10 ਮਾਰਚ**

10—30 ਤੋਂ 11—30 ਦਿਨੇ 1710 ਫੇਜ਼ 3-ਬੀ 2 ਮੁਹਾਲੀ

**ਪੁੱਛ ਗਿੱਛ ਲਈ :—ਡਾ. ਜਾਗੀਰ ਸਿੰਘ, 422, ਸੈਕਟਰ 15-ਏ, ਚਡੀਗੜ੍ਹ**
**ਫੋਨ : 0172—772660**

---

ਸਫਾ 22 ਦੀ ਬਾਕੀ

ਇ: ਈਸ਼ਰ ਸਿੰਘ ਬਖਸ਼ ਜੀ ਨੇ ਗੁਰਦੁਆਰਾ ਛੇਵੀ ਪਾਤਸ਼ਾਹੀ ਬਾਰਾਮੂਲਾ ਵਿਖੇ ਹੈਡ-ਹਜ਼ੂਰੀ ਰਾਗੀ ਦੀ ਸੇਵਾ ਕਈ ਵਰ੍ਹੇ ਕੀਤੀ ਅਤੇ ਤਬਲੇ ਦੀ ਸੇਵਾ ਸ੍ਰ: ਇਛਪਾਲ ਸਿੰਘ ਭਟਪੁਰੀ ਕਰਦੇ ਰਹੇ ! ਚਾਰ ਸਾਲ ਪਹਿਲਾਂ ਬਖਸ਼ ਜੀ ਆਪਣੇ ਸਪੁਤਰ ਰਾਜਿੰਦਰਜੀਤ ਸਿੰਘ ਬੇਦੀ ਕੋਲ ਅਮਰੀਕਾ ਚਲੇ ਗਏ ਹਨ ਜਿਥੇ ਉਹ ਗੁਰੂ ਘਰ ਵਿਚ ਕੀਰਤਨ ਰਾਹੀਂ ਸੇਵਾ ਕਰਦੇ ਰਹੇ ! ਕੀਰਤਨ ਰਾਹੀਂ ਉਨ੍ਹਾਂ ਨੇ ਸ਼ਿਕਾਗੋ, ਕੈਲੀਫੋਰਨੀਆ, ਯੂਬਾ ਸਿਟੀ, ਫਰੀਮੋਂਟ ਸ਼ਹਿਰ ਆਦਿ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ ਹੈ ! ਬਦੇਸ਼ਾਂ ਵਿਚ ਉਨ੍ਹਾਂ ਨੇ ਜੰਮੂ ਕਸ਼ਮੀਰ ਦੇ ਸਿਖਾਂ ਦਾ ਨਾਂ ਉਚਾ ਕੀਤਾ ਹੈ ! ਉਨ੍ਹਾਂ ਦੇ ਵਡੇ ਸਪੁਤਰ ਸ੍ਰ: ਕਮਨਜੀਤ ਸਿੰਘ ਅਤੇ ਸ੍ਰ: ਮਨਜੀਤ ਸਿੰਘ ਦਾ ਥੋੜਾ ਝੁਕਾਉ ਵੀ ਕੀਰਤਨ ਵਲ ਹੈ ! ਬਖਸ਼ ਜੀ ਦੀਆਂ ਦੋ ਬਚੀਆਂ ਬੜਾ ਸੁਰੀਲਾ ਕੀਰਤਨ ਕਰਦੀਆਂ ਹਨ !

ਗਿਆਨੀ ਜੀ ਦੀ ਮਨਮੋਹਣੀ ਆਵਾਜ਼ ਸੰਗਤਾਂ ਨੂੰ ਕੀਲ ਲੈਂਦੀ ਹੈ। ਜਿਥੇ ਆਪ ਕੀਰਤਨੀਏ ਹਨ ਉਥੇ ਇਕ ਚੰਗੇ ਲੇਖਕ ਵੀ ਹਨ। ਅਨੇਕਾਂ ਕਿਤਾਬਚੇ ਪੰਜਾਬੀ ਮਾਂ ਦੀ ਝੋਲ ਵਿੱਚ ਪਾ ਚੁਕੇ ਹਨ। ਪਿਛੇ ਜਿਹੇ ਹੀ ਉਨ੍ਹਾਂ 'ਚਾਰ ਯਾਰ' ਪੁਸਤਕ ਲਿਖ ਕੇ ਬੜਾ ਯੋਗਦਾਨ ਪਾਇਆ ਹੈ। ਇਹ ਪੁਸਤਕ ਪਿਛੇ ਜਿਹੇ ਹੀ ਪੰਜਾਬੀ ਕਾਨਫਰੰਸ ਸ੍ਰੀ ਨਗਰ ਵਿੱਚ ਰਿਲੀਜ਼ ਕੀਤੀ ਗਈ ਹੈ. ਪਿਛੇ ਜਿਹੇ ਹੀ ਕਸ਼ਮੀਰ ਆਏ ਸਨ ਅਤੇ ਦੁਬਾਰਾ ਅਮਰੀਕਾ ਚਲੇ ਗਏ ਹਨ। ਮੇਰੀ ਅਕਾਲ ਪੁਰਖ ਅੱਗੇ ਦੁਆ ਹੈ ਕਿ ਉਨ੍ਹਾਂ ਦੀ ਦੀਰਘ ਆਯੂ ਹੋਵੇ ਅਤੇ ਉਹ ਇਸੇ ਤਰ੍ਹਾਂ ਸਿੱਖ ਧਰਮ ਅਤੇ ਪੰਜਾਬੀ ਦੀ ਸੇਵਾ ਕਰਦੇ ਰਹਿਣ।